
ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

1920 ਤੋਂ

ਜਿਲਦ 102
ਨੰਬਰ 19

੧੬ ਤੋਂ ੩੦ ਕੱਤਕ ੨੦੭੯ ਬਿ.
1 to 15 November 2022

# ਸਤਿਜੁਗ




10/-

# ਅੱਸੂ ਦੇ ਮੇਲੇ ਦੀਆਂ ਝਲਕੀਆਂ

ਸ੍ਰੀ ਭੈਣੀ ਸਾਹਿਬ, 2022











# ਸਤਿਜੁਗ

੧੬ ਤੋਂ ੩੦ ਕੱਤਕ ੨੦੭੯ ਬਿ.

1 ਤੋਂ 15 ਨਵੰਬਰ 2022 ਈ.

ਜਿਲਦ 102, ਨੰਬਰ 19



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

**ਹਾਕਮ ਸਿੰਘ, ਯੁਵਰਾਜ ਸਿੰਘ
ਤਰਨ ਬੱਲ**



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***


# ਤਤਕਰਾ


* ਸੰਪਾਦਕੀ........................................................4
* ਗੁਰਬਾਣੀ ਵਿਆਖਿਆ..........................................6
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ............................8
* ਜ਼ਰਾ ਯਾਦ ਕਰੋ ਕੁਰਬਾਨੀ
ਸੁਵਰਨ ਸਿੰਘ ਵਿਰਕ.................................9
* ਚੰਦਾ ਸਿੰਘ ਝੱਬਰ ਰਚਿਤ ਬਾਰਾਂਮਾਹ: ਰਾਜਸੀ ਸਰੋਕਾਰ
ਡਾ. ਕਿਰਨਪਾਲ ਸਿੰਘ...............................15
* ਗ਼ਜ਼ਲ ਤੇ ਦੋਹੇ
ਤ੍ਰੈਲੋਚਨ ਲੋਚੀ.......................................18
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ.............................19
* **Why food labels showing the exercise needed to burn off calories won't work for everyone**
**Justin Roberts...............................................22**
* **A Saga of Sri Satguru Jagjit Singh ji**
**Dr. Sharada Jayagovind...........................24**
* ਸੁੱਚੇ-ਮੋਤੀ......................................................26
* ਬੱਚਿਆਂ ਦਾ ਪੰਨਾ.............................................27
* ਖ਼ਬਰਨਾਮਾ.....................................................28
* **Matrimonial...........................................................41**
* ਸਨਮਾਨ ਪੱਤਰ................................................43



ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ


## ਸੰਪਾਦਕੀ

1947 ਈ. ਵਿੱਚ ਜਦ ਭਾਰਤ ਆਜ਼ਾਦ ਹੋਇਆ ਤਾਂ ਦੇਸ਼ ਦੇ ਦੋ ਟੁੱਕੜੇ ਹੋ ਗਏ। ਇਸ ਵੰਡ ਦਾ ਸਿੱਟਾ ਇਹ ਨਿਕਲਿਆ ਕਿ ਲੱਖਾਂ ਪੰਜਾਬੀ ਲਹਿੰਦੇ ਪੰਜਾਬ ਵਿੱਚੋਂ ਉਜੜ ਕੇ ਚੜ੍ਹਦੇ ਪੰਜਾਬ ਆਏ ਅਤੇ ਇਧਰੋਂ ਲਹਿੰਦੇ ਪੰਜਾਬ ਗਏ। ਇਸ ਉੱਥਲ-ਪੁੱਥਲ ਦੇ ਵਿੱਚ ਸਿੱਖ, ਹਿੰਦੂ, ਮੁਸਲਮਾਨ ਸਭ ਦਾ ਹੀ ਜਾਨੀ ਤੇ ਮਾਲੀ ਨੁਕਸਾਨ ਹੋਇਆ। ਕਿਹੜਾ ਘਿਨੌਣਾ ਜ਼ੁਰਮ ਨਹੀਂ, ਜੋ ਇਸ ਸਮੇਂ ਦੇ ਵਿੱਚ ਸ਼ਰਾਰਤੀ ਅਨਸਰਾਂ ਵੱਲੋਂ ਨਾ ਕੀਤਾ ਗਿਆ ਹੋਵੇ। ਅਜਿਹੇ ਸਮੇਂ ਵਿੱਚ ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਕੋਸ਼ਿਸ਼ ਕੀਤੀ ਕਿ ਪੱਛਮੀ ਪੰਜਾਬ (ਪਾਕਿਸਤਾਨ) ਵਿੱਚ ਵੱਸਦੇ ਸਿੱਖਾਂ ਨੂੰ ਉੱਥੋਂ ਸੁਰੱਖਿਅਤ ਕੱਢ ਕੇ ਭਾਰਤ ਲਿਆਂਦਾ ਜਾਵੇ ਉੱਥੇ ਬਾਬਾ ਜਗਜੀਤ ਸਿੰਘ (ਸਤਿਗੁਰੂ ਜਗਜੀਤ ਸਿੰਘ) ਜੀ ਦੀ ਡਿਊਟੀ ਵੀ ਉਨ੍ਹਾਂ ਇਸ ਕੰਮ ਲਈ ਲਾਈ। ਬਾਬਾ ਜਗਜੀਤ ਸਿੰਘ ਜੀ ਨੇ ਪਾਰ ਵੱਸਦੇ ਸਿਖਾਂ ਨੂੰ ਲਿਆਉਣ ਅਤੇ ਫਿਰ ਵਸਾਉਣ ਤੇ ਆਇਆਂ ਦੇ ਰਹਿਣ ਦਾ ਪ੍ਰਬੰਧ ਕੀਤਾ। ਹੋਰ ਤਾਂ ਹੋਰ ਜਿਹੜੇ ਲੋਕ ਏਧਰੋਂ ਉੱਜੜ ਕੇ ਪਾਕਿਸਤਾਨ ਜਾ ਰਹੇ ਸੀ ਉਨ੍ਹਾਂ ਦੀ ਮਦਦ ਵੀ ਕੀਤੀ ਗਈ। ਪਾਕਿਸਤਾਨੋਂ ਉੱਜੜ ਕੇ ਆਏ ਸਿੱਖਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜੀਵਨ ਨਗਰ ਇਲਾਕੇ ਵਿੱਚ ਵਸਾਇਆ। ਜਦੋਂ ਉਜਾੜੇ ਦੀ ਮਾਰ ਝੱਲ ਰਹੇ ਸਿੱਖਾਂ ਦੇ ਰਹਿਣ-ਸਹਿਣ ਜਾਂ ਜ਼ਮੀਨ ਵੰਡ ਦਾ ਪ੍ਰਬੰਧ ਕੀਤਾ ਜਾ ਰਿਹਾ ਸੀ ਤਾਂ ਬਾਬਾ ਜਗਜੀਤ ਸਿੰਘ ਜੀ ਨੇ ਦਿਨ-ਰਾਤ ਇਕ ਕਰੀ ਰੱਖਿਆ। ਸ਼ੁਰੂ-ਸ਼ੁਰੂ ਵਿੱਚ ਬਾਬਾ ਜੀ ਦੀ ਅਗਵਾਈ ਵਿੱਚ ਸਾਂਝੀ ਖੇਤੀ ਵੀ ਕੀਤੀ ਗਈ। ਭੰਡਾਰੀ ਬਣ ਜਦੋਂ ਬਾਬਾ ਜਗਜੀਤ ਸਿੰਘ ਲੋੜਵੰਦਾ ਨੂੰ ਵਸਤਾਂ ਵੰਡ ਰਹੇ ਸੀ ਤਾਂ ਉਸਤਾਦ ਨੱਥਾ ਸਿੰਘ ਨੂੰ ਬਾਬਾ ਜਗਜੀਤ ਸਿੰਘ ਜੀ ਕੋਲ ਭੇਜਿਆ ਤੇ ਕਿਹਾ ਕਿ ਕਾਕੇ ਨੂੰ ਪੁੱਛ ਆਵੋ, ਉਸਨੂੰ ਵੀ ਕੁਝ ਚਾਹੀਦਾ ਹੈ, ਹੁਣ ਦੱਸ ਦੇਵੇ। ਅੱਗੋਂ 'ਬਾਬਾ ਜੀ ਨੇ ਕਛਹਿਰੇ ਨੂੰ ਹੱਥ ਲਾ ਕੇ ਕਿਹਾ ਕਿ ਮੈਨੂੰ ਤਾਂ ਸਿਰਫ਼ ਸਿਖੀ ਹੀ ਚਾਹੀਦੀ ਹੈ।' ਜਦੋਂ ਪਿਤਾ ਗੁਰੂ ਜਮੀਨਾਂ, ਪਸ਼ੂ, ਮਕਾਨ, ਰਾਸਣ, ਵੰਡ ਰਹੇ ਹਨ ਤਾਂ ਸਭ ਪਦਾਰਥਾਂ 'ਚੋਂ ਬਾਬਾ ਜਗਜੀਤ ਸਿੰਘ ਜੀ ਨੇ ਸਿਰਫ਼ ਸਿੱਖੀ ਮੰਗੀ। ਭੋਰਾ ਵੀ ਕਿਸੇ ਤਰ੍ਹਾਂ ਦਾ ਲਾਲਚ ਨਹੀਂ।

22 ਅਗਸਤ 1959 ਈ. ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜਾਣ ਤੋਂ ਬਾਅਦ ਬਾਬਾ ਜਗਜੀਤ ਸਿੰਘ ਜੀ ਗੁਰਗੱਦੀ 'ਤੇ ਬਿਰਾਜ਼ਮਾਨ ਹੋਏ ਅਤੇ ਸਤਿਗੁਰੂ ਜਗਜੀਤ ਸਿੰਘ ਦੇ ਰੂਪ ਵਿੱਚ ਪੰਥ ਦੀ ਵਾਗਡੋਰ ਸੰਭਾਲੀ। ਸਤਿਗੁਰੂ ਜੀ ਨੇ ਇੱਕ ਵਾਰ ਫਿਰ 1964-65 ਦੇ ਵਿੱਚ ਜੀਵਨ ਨਗਰ ਇਲਾਕੇ ਵੱਲ ਧਿਆਨ ਦਿੱਤਾ। ਜਿਥੇ ਕਿੱਕਰਾਂ, ਰੇਤ ਦੇ ਟਿੱਬੇ, ਚਿੱਬੜ ਅਤੇ ਵਣਾਂ ਦੀਆਂ

ਪੀਲਾਂ ਹੀ ਸਨ ਉਸ ਥਾਂ ਤੇ ਸਤਿਗੁਰੂ ਜੀ ਨੇ ਇਲਾਕੇ ਦੇ ਜਿਮੀਂਦਾਰਾਂ ਨੂੰ ਪ੍ਰੇਰ ਕੇ ਆਪ ਉਚੇਚੇ ਤੌਰ 'ਤੇ ਸਹਿਯੋਗ ਦੇ ਕੇ ਅੰਗੂਰਾਂ ਦੇ ਬਾਗ਼ ਲਵਾਏ। ਇਸ ਤੋਂ ਇਲਾਵਾ ਮਸਤਾਨਗੜ੍ਹ ਦੀ 400 ਕਿੱਲਾ ਬੰਜਰ ਜ਼ਮੀਨ ਆਬਾਦ ਕੀਤੀ। 1985-86 ਤੱਕ ਇਸ ਖੇਤਰ ਵਿੱਚ ਅੰਗੂਰ ਬੇਰੀਆਂ ਤੇ ਅਨਾਰਾਂ ਦੇ ਬਾਗ਼ ਲੱਗ ਚੁੱਕੇ ਸਨ। ਸਤਿਗੁਰੂ ਜੀ ਨੇ ਜੀਵਨ ਨਗਰ ਇਲਾਕੇ ਵਿੱਚ ਸੜਕਾਂ ਤੋਂ ਲੈ ਕੇ ਦਾਣਾ ਮੰਡੀ, ਸਕੂਲ, ਕਾਲਜ ਤੱਕ ਹਰ ਆਧੁਨਿਕ ਸਹੂਲਤਾਂ ਸਿੱਖਾਂ ਨੂੰ ਮੁਹੱਈਆ ਕਰਵਾਈਆਂ।

ਗਊ ਦੇ ਨਸਲ ਸੁਧਾਰ ਲਈ ਵੀ ਸ੍ਰੀ ਭੈਣੀ ਸਾਹਿਬ ਅਤੇ ਜੀਵਨ ਨਗਰ ਲਗਾਤਾਰ ਯਤਨ ਕੀਤੇ ਗਏ। ਜਿਸ ਕਾਰਨ ਸਤਿਗੁਰੂ ਜੀ ਨੂੰ 1965 ਵਿੱਚ ਗੋ-ਸੰਵਰਧਨ ਸੰਮਿਤੀ ਵੱਲੋਂ 'ਗੋਪਾਲ-ਰਤਨ' ਪੁਰਸਕਾਰ ਭੇਟ ਕੀਤਾ ਗਿਆ।

ਸੱਤਰਵਿਆਂ ਦੇ ਦਹਾਕੇ ਵਿੱਚ ਸਰਬ-ਹਿੰਦ ਵਿਦਿਅਕ ਜਥੇ ਦੀ ਸਥਾਪਨ ਕੀਤੀ ਗਈ। ਜਿਸ ਦਾ ਬਾਅਦ ਵਿੱਚ ਨਾਮ 'ਵਿਸ਼ਵ ਨਾਮਧਾਰੀ ਵਿਦਿਅਕ ਜਥਾ' ਕੀਤਾ ਗਿਆ, ਫਿਰ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥੇ ਦੀ ਵੀ ਸਥਾਪਨਾ ਕੀਤੀ ਗਈ। ਇਸ ਤਰੀਕੇ ਨਾਲ ਨਾਮਧਾਰੀ ਨੌਜਵਾਨ ਪੀੜ੍ਹੀ ਸਤਿਗੁਰੂ ਜੀ ਨਾਲ ਸਿੱਧੇ ਤੌਰ 'ਤੇ ਜੁੜ ਗਈ। ਉਨ੍ਹਾਂ ਦੇ ਅਲੱਗ-ਅਲੱਗ ਮੁਕਾਬਲੇ ਵੀ ਕਰਾਏ ਜਾਣ ਲੱਗੇ। ਉਦਾਹਰਨ ਦੇ ਤੌਰ ਤੇ ਸੰਗੀਤ, ਗੁਰਬਾਣੀ, ਨਿਤਨੇਮ, ਭੋਜਨ ਅਤੇ ਖੇਡਾਂ ਆਦਿ ਨਾਲ ਸਬੰਧਿਤ।

20 ਵੀਂ ਸਦੀ ਦੇ ਅੱਠਵੇਂ ਦਹਾਕੇ ਦੇ ਵਿੱਚ ਰਹਿਤ ਮਰਿਆਦਾ ਦੀ ਧਾਰਨੀ ਹਾਕੀ ਟੀਮ ਤਿਆਰ ਕੀਤੀ ਗਈ। ਗਰਾਊਂਡ ਤੋਂ ਲੈ ਕੇ ਕੋਚਾਂ ਤੱਕ ਹਰ ਸਹੂਲਤ ਦਾ ਪ੍ਰਬੰਧ ਕੀਤਾ ਗਿਆ। ਹਾਕੀ ਖਿਡਾਰੀਆਂ ਦੀ ਪੜ੍ਹਾਈ ਦਾ ਵੀ ਸਪੈਸ਼ਲ ਧਿਆਨ ਰੱਖਦਿਆਂ ਸਕੂਲ ਤੋਂ ਇਲਾਵਾ ਟਿਊਸ਼ਨ ਦਾ ਵੀ ਪ੍ਰਬੰਧ ਕੀਤਾ ਗਿਆ। ਹਾਕੀ ਦੇ ਸ਼ੁਰੂ ਵਿੱਚ ਜਿਹੜੇ ਕੋਚ ਆਏ ਉਹ ਸਨ- ਪਾਲ ਸਿੰਘ, ਮੋਹਨਜੀਤ ਸਿੰਘ, ਬਲਦੇਵ ਸਿੰਘ ਆਦਿ ਬਾਅਦ ਵਿੱਚ ਹੋਰ ਕੋਚ ਵੀ ਆਉਂਦੇ ਗਏ। ਸ਼ੁਰੂ-ਸ਼ੁਰੂ ਵਿੱਚ ਜਦ ਨਾਮਧਾਰੀ ਮੁੰਡੇ ਪੱਗਾਂ ਤੇ ਕਛਹਿਰਿਆਂ ਨਾਲ ਖੇਡ-ਮੈਦਾਨ ਵਿੱਚ ਜਾਂਦੇ ਤਾਂ ਕਈ ਲੋਕਾਂ ਨੇ ਮਖੌਲ ਕਰਨਾ ਕਿ ਇਨ੍ਹਾਂ ਬਾਬਿਆਂ ਨੇ ਕੀ ਕਰਨਾ ਹੈ? ਪਰ ਫਿਰ ਜਦੋਂ ਮੈਚ ਹੋਣਾ ਤੇ ਨਾਮਧਾਰੀ ਟੀਮ ਨੇ ਚੰਗਾ ਪ੍ਰਦਰਸ਼ਨ ਕਰਨਾ ਤਾਂ ਦਰਸ਼ਕਾਂ ਨੇ ਬੱਲੇ-ਬੱਲੇ, ਵਾਹ-ਵਾਹ ਕਹਿ ਉੱਠਣਾ। ਇਸ ਨਾਮਧਾਰੀ ਟੀਮ ਨੇ ਦੇਸ਼ ਨੂੰ ਕਈ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਤੇ ਕੋਚ ਦਿੱਤੇ। ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਵਿੱਚ ਆਉਂਦਾ ਹੈ ਕਿ "ਤੁਸਾਂ ਅਖਬਾਰਾਂ ਵਿੱਚ ਪੜ੍ਹਿਆ ਹੀ ਹੋਵੇਗਾ ਕੁਝ (ਹਾਕੀ) ਕੋਚ ਮੈਨੂੰ ਮਿਲੇ ਨੇ ਆ ਕੇ, ਉਨ੍ਹਾਂ ਨੇ ਆਖਿਆ ਪੰਜਾਬ ਵਿੱਚ Revolution ਲਿਆਤਾ ਇਨ੍ਹਾਂ ਮੁੰਡਿਆ ਨੇ।" ਇਸੇ ਤਰ੍ਹਾਂ ਇਕ ਵਾਰ ਚੰਡੀਗੜ੍ਹ ਵਿਖੇ ਪੰਜਾਬ ਪੁਲਿਸ ਤੇ ਨਾਮਧਾਰੀ ਹਾਕੀ ਟੀਮ ਦਾ ਮੈਚ ਸੀ। ਪੰਜਾਬ ਪੁਲਿਸ ਦੀ ਏਨੀ ਬੁਰੀ ਹਾਲਤ ਸੀ ਕਿ ਸਤਿਗੁਰੂ ਜੀ ਆਖਦੇ ਹਨ, ਲੋਕ 'ਹਾਏ-ਹਾਏ ਪੰਜਾਬ ਪੁਲਿਸ' ਦੇ ਨਾਅਰੇ ਲਗਾ ਰਹੇ ਸਨ।

ਸੰਗੀਤ ਦੇ ਖੇਤਰ ਵਿੱਚ ਵੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਮੇਂ ਵਿੱਚ ਅਜਿਹਾ ਬੇਮਿਸਾਲ ਕੰਮ ਕੀਤਾ ਜੋ ਪੂਰੇ ਦੇਸ਼ ਵਿੱਚ ਹੋਰ ਕੋਈ ਵੀ ਉਨ੍ਹਾਂ ਦੇ ਸਮਕਾਲ ਵਿੱਚ ਨਹੀਂ ਕਰ ਸਕਿਆ। ਸਤਿਗੁਰੂ ਜੀ ਨੇ ਜਿਥੇ ਵੱਡੇ-ਵੱਡੇ ਸੰਗੀਤ ਉਸਤਾਦਾਂ ਨੂੰ ਨਿਵਾਜਿਆ। ਉਨ੍ਹਾਂ ਦੇ ਦੁੱਖ-ਸੁੱਖ ਵਿੱਚ ਉਨ੍ਹਾਂ ਦਾ ਸਹਾਰਾ ਬਣੇ। ਉੱਥੇ ਹੀ ਸਤਿਗੁਰੂ ਜੀ ਨੇ ਕਈ ਬੰਦਿਸ਼ਾਂ ਵੀ ਪੌਣੀਆਂ, ਡੂਢੀਆਂ ਜਾਂ ਸਵਾ ਮਾਤ੍ਰਾਵਾਂ ਵਿੱਚ ਤਿਆਰ ਕੀਤੀਆਂ। ਸੰਗੀਤ ਦਾ ਅਪਾਰ ਖਜ਼ਾਨਾ ਉਨ੍ਹਾਂ ਨੇ ਜਿੱਥੇ ਆਪਣੇ ਸਿੱਖਾਂ ਦੇ ਬੱਚਿਆਂ ਨੂੰ ਦਿਲ ਖੋਲ੍ਹ-ਖੋਲ੍ਹ ਕੇ ਵੰਡਿਆ, ਉੱਥੇ ਵੱਡੇ-ਵੱਡੇ ਉਸਤਾਦ ਵੀ ਭੈਣੀ ਸਾਹਿਬ ਸਤਿਗੁਰੂ ਜੀ ਤੋਂ ਨਵਾਂ ਸਿੱਖਣ ਲਈ ਆਉਂਦੇ ਰਹੇ। ਕੁਝ ਉਸਤਾਦ ਤਾਂ ਸਤਿਗੁਰੂ ਜੀ ਦੇ ਦਰਬਾਰ ਵਿੱਚ ਗਾਉਣ ਦਾ ਮੌਕਾ ਮਿਲਣ ਨੂੰ ਵੀ ਵੱਡੀ ਪ੍ਰਾਪਤੀ ਮੰਨਦੇ। ਸ੍ਰੀ ਭੈਣੀ ਸਾਹਿਬ ਵੱਸਦੇ ਉਸਤਾਦਾਂ ਕੋਲੋਂ ਸੰਗੀਤ ਸਿੱਖਣ ਤੋਂ ਬਾਅਦ ਬੱਚਿਆਂ ਨੂੰ ਵੱਡੇ ਉਸਤਾਦਾਂ ਕੋਲ ਸਪੈਸ਼ਲ ਟ੍ਰੇਨਿੰਗ ਲਈ ਭੇਜਦੇ। ਸਤਿਗੁਰੂ ਜੀ ਨੇ ਅਨੇਕਾਂ ਹੀ ਆਮ ਸਿੱਖਾਂ ਦੇ ਬੱਚਿਆਂ ਨੂੰ ਵੱਡੇ ਵੱਡੇ ਉਸਤਾਦ ਬਣਾ ਦਿਤਾ। ਸਤਿਗੁਰੂ ਜੀ ਨੂੰ ਸੰਗੀਤ ਦੇ ਸੰਰਕਸ਼ਣ ਲਈ 'ਸੰਗੀਤ-ਮਨੀਸ਼ੀ ਸਨਮਾਨ' ਭਾਰਤੀ ਸੰਗੀਤ ਨਾਟਕ ਅਕਾਦਮੀ ਵੱਲੋਂ 'ਟੈਗੋਰ ਰਤਨ' ਆਦਿ ਪੁਰਸਕਾਰ ਭੇਟ ਕੀਤੇ ਗਏ। ਇਸ ਤਰ੍ਹਾਂ ਸਤਿਗੁਰੂ ਜੀ ਵੱਲੋਂ ਨਾਮਧਾਰੀ ਅਤੇ ਬਾਕੀ ਸਮਾਜ ਲਈ ਹਰ ਪ੍ਰਕਾਰ ਦੇ ਕਾਰਜ ਵਿੱਚ ਰਾਹ-ਦਸੇਰਾ ਬਣੇ। ਅਜੀਤ ਸਿੰਘ ਲਾਇਲ ਹੋਰਾਂ ਨੇ ਬਹੁਤ ਸੁੰਦਰ ਲਿਖਿਆ ਹੈ-

ਤੇਰੀਆਂ ਪੈੜਾਂ ਨੇ ਚਾਨਣ ਮੁਨਾਰੇ ਵਾਂਗਰਾਂ।
ਹਨ੍ਹੇਰੇ ਵਿੱਚ ਕਿਸੇ ਡੰਗੋਰੀ ਦੇ ਸਹਾਰੇ ਵਾਂਗਰਾਂ।
ਕਾਲੀਆਂ ਘਨਘੋਰ ਰਾਤਾਂ 'ਚ ਰਾਹ ਦਰਸਾਨ ਲਈ
ਵਿੱਚ ਅਕਾਸ਼ੀਂ ਚਮਕਦੇ ਕਿਸੇ ਸਿਤਾਰੇ ਵਾਂਗਰਾਂ।

# ਗੁਰਬਾਣੀ ਵਿਆਖਿਆ - ਜਾਪੁ

**ਅਕਾਲ ਹੈਂ॥ਅਜਾਲ ਹੈਂ॥੩੭॥**
ਤੂੰ ਕਾਲ ਰਹਿਤ ਹੈਂ ਅਤੇ ਮੋਹ-ਜਾਲ ਤੋਂ ਬਿਨਾਂ ਹੈਂ।
You are free from death and the mesh of attachment also.
You are immortal and detached.

**ਅਲਾਹ ਹੈਂ॥ਅਜਾਹ ਹੈਂ॥**
ਹੇ ਪ੍ਰਭੂ! ਤੂੰ ਅਲੱਭ ਹੈਂ ਅਤੇ ਕਿਸੇ ਖ਼ਾਸ ਜਗ੍ਹਾ ਤੋਂ ਰਹਿਤ ਹੈਂ।
You are rare and free from the bondage of any particular place.
You are beyond exploration and without any specific place.

**ਅਨੰਤ ਹੈਂ॥ਮਹੰਤ ਹੈਂ॥੩੮॥**
ਤੂੰ ਬੇਅੰਤ ਸਰੂਪ ਅਤੇ ਮਹਾਨ ਆਤਮਾ ਹੈਂ।
You are infinite and great.

**ਅਲੀਕ ਹੈਂ॥ਨ੍ਰਿਸ੍ਰੀਕ ਹੈਂ॥**
ਤੂੰ ਹੱਦਾਂ ਅਤੇ ਸ਼ਰੀਕਾਂ ਤੋਂ ਰਹਿਤ ਹੈਂ।
You are away from the boundaries and rival.
You are beyond boundaries and rivals.

**ਨ੍ਰਿਲੰਭ ਹੈਂ॥ਅਸੰਭ ਹੈਂ॥੩੯॥**
ਤੂੰ ਆਸਰੇ ਅਤੇ ਪੈਦਾਇਸ਼ ਤੋਂ ਬਿਨਾਂ ਹੈਂ।
You need no shelter and are beyond birth.
You are independent of any support and birth.

**ਅਗੰਮ ਹੈਂ॥ਅਜੰਮ ਹੈਂ॥**
ਤੂੰ ਪਹੁੰਚ ਤੋਂ ਪਰ੍ਹੇ ਅਤੇ ਜਨਮ ਰਹਿਤ ਹੈਂ।
You are inaccessible and beyond birth.
You are inaccessible and without birth.

**ਅਭੂਤ ਹੈਂ॥ਅਛੂਤ ਹੈਂ॥੪੦॥**
ਹੇ ਪ੍ਰਭੂ! ਤੂੰ ਭੌਤਿਕ ਸਰੀਰ ਤੋਂ ਬਿਨਾਂ ਹੈਂ ਅਤੇ
ਤੈਨੂੰ ਛੋਹਿਆ ਨਹੀਂ ਜਾ ਸਕਦਾ।
O God! You are without any temporal body and you cannot be touched either.
You are independent of elements and intangible.

**ਅਲੋਕ ਹੈਂ॥ ਅਸੋਕ ਹੈਂ॥**
ਤੂੰ ਅਦ੍ਰਿਸ਼ ਅਤੇ ਸੋਗ ਰਹਿਤ ਹੈਂ।
You are invisible and insulated against all suffering.
You are invisible and without sufferings.

**ਅਕਰਮ ਹੈਂ॥ ਅਭਰਮ ਹੈਂ॥੪੧॥**
ਤੂੰ ਕਰਮ ਤੋਂ ਬਿਨਾਂ ਅਤੇ ਭਰਮ ਤੋਂ ਰਹਿਤ ਹੈਂ।
You are without karmas and free from illusion.
You are without *karmas* and doubts.

**ਅਜੀਤ ਹੈਂ॥ ਅਭੀਤ ਹੈਂ॥**
ਤੂੰ ਬਲਵਾਨ ਅਤੇ ਨਿਡਰ ਹੈਂ।
You are invincible and fearless.

**ਅਬਾਹ ਹੈਂ॥ ਅਗਾਹ ਹੈਂ॥੪੨॥**
ਤੈਨੂੰ ਕਿਸੇ ਸਹਾਇਕ ਦੀ ਲੋੜ ਨਹੀਂ ਹੈ ਅਤੇ ਤੂੰ ਮਨੁੱਖੀ ਪਹੁੰਚ ਤੋਂ ਦੂਰ ਹੈਂ।
You need no helper and you are far from the access of human approach.
You are independent of support and beyond reach.

**ਅਮਾਨ ਹੈਂ॥ ਨਿਧਾਨ ਹੈਂ॥**
ਤੂੰ ਗਿਣਤੀ-ਮਿਣਤੀ ਤੋਂ ਰਹਿਤ ਅਤੇ ਖ਼ਜ਼ਾਨਾ-ਸਰੂਪ ਹੈਂ।
You are beyond all standards of measurement and a treasure incarnate.
You are beyond measurements and embodiment of treasure.

**ਅਨੇਕ ਹੈਂ॥ ਫਿਰ ਏਕ ਹੈਂ॥੪੩॥**
ਤੂੰ ਅਨੇਕਾਂ ਸਰੂਪਾਂ ਵਾਲਾ ਹੋ ਕੇ ਵੀ ਇਕ ਸਰੂਪ ਹੈਂ।
You are one despite diverse forms.

**ਭੁਜੰਗ ਪ੍ਰਯਾਤ ਛੰਦ॥**
Bhujang Prayaat Chhand

**ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ॥**
ਸਾਰਿਆਂ ਦੇ ਮੰਨਣਯੋਗ ਅਤੇ ਸਾਰੇ ਖ਼ਜ਼ਾਨਿਆਂ ਦੇ ਮਾਲਕ ਨੂੰ ਨਮਸਕਾਰ ਹੈ।
I bow before you, O God- acknowledgeable for all and the master of all treasures.
O, universally revered and treasure trove God! Salutations to You.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ**

# ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**ਅੱਸੂ ਦਾ ਮੇਲਾ** **ਸ੍ਰੀ ਭੈਣੀ ਸਾਹਿਬ**



ਸਤਿਗੁਰੂ ਸੱਚੇ ਪਾਤਸ਼ਾਹ ਦੀ ਕਿਰਪਾ ਹੈ ਤੁਸੀਂ ਉਦਮ ਕਰਦੇ ਹੋ ਬੜੀ ਵੱਡੀ ਗਿਣਤੀ ਵਿੱਚ ਸੰਗਤ ਪ੍ਰਯੋਗ ਕਰਦੀ ਹੈ। ਕੱਲ ਵੀ ਬੜੀ ਵੱਡੀ ਗਿਣਤੀ ਸੀ ਤੇ ਅੱਜ ਵੀ ਬਹੁਤ ਵੱਡੀ ਗਿਣਤੀ ਹੈ। ਮੈਂ ਅੱਗੇ ਵੀ ਅਰਜ਼ ਕੀਤੀ ਸੀ ਕਿ ਇਹ ਸੱਚੇ ਪਾਤਸ਼ਾਹ ਦੀ ਕਿਰਪਾ ਹੀ ਹੈ ਅੰਮ੍ਰਿਤ ਵੇਲੇ ਉੱਠ ਕੇ ਜਿਹੜੇ ਪਹਿਲਾਂ ਨਹੀਂ ਵੀ ਸੰਗਤ ਵਿੱਚ ਆਉਂਦੇ ਉਹ ਵੀ ਆਉਂਦੇ ਨੇ ਤੇ ਆਪਣੀ ਹਾਜ਼ਰੀ ਲਾਉਂਦੇ ਹਨ।

ਇਕ ਹੋਰ ਮੈਂ ਅਰਜ਼ ਕਰਨੀ ਚਾਹੁੰਦਾ ਹਾਂ, ਮੈਂ ਮਹਿਸੂਸ ਕਰਦਾ ਹਾਂ ਕਿ ਕਿਤੇ ਬਹੁਤਿਆਂ ਲਈ ਇਹ ਹੀ ਨਾ ਬਣ ਜਾਵੇ ਕਿ ਆਪਾਂ ਇਹਨੂੰ ਵੀ ਸਿਰਫ਼ ਕਰਮ-ਕਾਂਡ ਬਣਾ ਕੇ ਲੈ ਲਈਏ ਕਿ ਪ੍ਰਯੋਗ ਦੀ ਅਰਦਾਸ ਵਿੱਚ ਸ਼ਾਮਿਲ ਹੋ ਗਏ ਉਸ ਤੋਂ ਬਾਅਦ ਭਾਵੇਂ ਸੜਕ ਤੇ ਫਿਰ ਲਈਏ ਭਾਵੇ ਉਸ ਤੋਂ ਬਾਅਦ ਕਿਤੇ ਖਲੋ ਗਏ, ਬੈਠ ਕੇ ਨਾਮ-ਸਿਮਰਨ ਦੀ ਕੋਈ ਨਹੀਂ, ਸਾਡੀ ਹਾਜ਼ਰੀ ਤੇ ਲੱਗ ਗਈ ਹੈ। ਅਰਦਾਸ ਵਿੱਚ ਅਸੀਂ ਆ ਗਏ, ਕਿਉਂਕਿ ਬਹੁਤ ਸਾਰੀ ਸੰਗਤ ਬਾਹਰ ਫਿਰਦੀ ਹੈ। ਮੈਂ ਇਹ ਸਮਝਦਾ ਹਾਂ ਕਿ ਆਪਾਂ ਥੱਕ ਜਾਂਦੇ ਹਾਂ ਘੰਟੇ ਬਾਅਦ ਪੰਜ ਮਿੰਟ ਬਾਹਰ ਜਾ ਆਓ, ਆ ਕੇ ਫਿਰ ਬਾਹਰ ਬੈਠ ਜਾਓ ਪਰ ਇਹ ਨਾ ਹੋਵੇ ਕਿ ਕਈ ਬੱਚੇ ਸਰੋਵਰ ਤੇ ਘੁੰਮਦੇ ਤੇ ਰੌਲਾ ਪਾਈ ਜਾਣ, ਕੋਈ ਪੀਂਘਾਂ ਤੇ ਖੇਡੀ ਜਾਣ, ਕੋਈ ਇਧਰ ਓਧਰ ਸੜਕਾ ਤੇ ਫਿਰੀ ਜਾਣ ਤੇ ਆਪਾਂ ਸਿਰਫ਼ ਇਹ ਹੀ ਸਮਝੀਏ ਕਿ ਪ੍ਰਯੋਗ ਤੇ ਸਿਰਫ਼ ਇਨ੍ਹਾਂ ਹੀ ਹੈ ਕਿ ਆਪਾਂ ਆਏ ਤੇ ਆ ਕੇ ਅਰਦਾਸ ਵਿੱਚ ਸ਼ਾਮਲ ਹੋਏ, ਆਪਾਂ ਉਹਦਾ ਮਤਲਬ ਵੀ ਸਮਝੀਏ ਕਿ ਆਪਾਂ ਨਾਮ ਜਪਣਾ ਹੈ, ਬੈਠ ਕੇ ਜਪਣਾ ਹੈ ਤੇ ਨਾਮ ਜਪਣ ਲੱਗਿਆ ਸਾਡਾ ਮਨ ਕਿੰਨੀ ਕੁ ਦੇਰ ਲਗਦਾ ਹੈ। ਸਾਡਾ ਮਨ ਕਿੰਨਾ ਕੁ ਚੰਗਾ ਬਣਦਾ ਹੈ। ਸਾਨੂੰ ਕਿੰਨਾ ਕੁ ਫਾਇਦਾ ਹੋ ਰਿਹਾ ਹੈ ਤਾਂ ਹੀ ਸਾਨੂੰ ਕਰਨ ਦਾ ਫਾਇਦਾ ਹੈ। ਬਾਕੀ ਵੀ ਜਿੱਥੇ-ਜਿੱਥੇ ਪ੍ਰਯੋਗ ਚੱਲਦੇ ਨੇ ਓਹ ਵੀ ਕੋਸ਼ਿਸ਼ ਕਰੋ, ਤੁਹਾਡੇ ਸਾਰਿਆਂ ਕੋਲ ਇਹ ਅਰਜ਼ ਬੇਨਤੀ ਹੈ ਕਿ ਇਹ ਕੋਸ਼ਿਸ਼ ਕਰੋ ਕੇ ਵੱਧ ਤੋਂ ਵੱਧ ਆਪਾਂ ਬੈਠ ਕੇ ਨਾਮ ਸਿਮਰਨ ਕਰ ਸਕੀਏ। ਜੇ ਨਹੀਂ ਵੀ ਬੈਠ ਕੇ ਕਰ ਸਕਦੇ ਤਾਂ ਖਲੋ ਕੇ ਕਰ ਲਵੋ ਪਰ ਨਾਮ ਸਿਮਰਨ ਕਰੋ। ਉਨ੍ਹਾਂ ਚਿਰ ਤੱਕ ਹੋਰ ਕੋਈ ਇੰਟਰਟੇਨਮੈਂਟ ਹੋਰ ਕੋਈ ਇਧਰ ਓਧਰ ਨਾ ਜਾਓ। ਉਹਦੇ ਨਾਲ ਦੂਜੇ ਵੀ ਡਿਸਟਰਬ ਹੁੰਦੇ ਹਨ ਤੇ ਸਾਰੇ ਮਹੌਲ ਵੀ ਉਹਦੇ ਕਰਕੇ ਵਧੀਆ ਨਹੀਂ ਰਹਿੰਦਾ। ਇਹ ਮੇਰੀ ਸਾਰੀ ਸੰਗਤ ਦੇ ਕੋਲ ਅਰਜ਼ ਹੈ। ਵੱਧ ਤੋਂ ਵੱਧ ਕੋਸ਼ਿਸ਼ ਕਰੋ ਇਨ੍ਹਾਂ ਦਿਨਾਂ 'ਚ ਵੱਧ ਤੋਂ ਵੱਧ ਨਾਮ ਜਪਿਆ ਜਾ ਸਕੇ।

ਦੂਸਰੀ ਜਿਹੜੀ ਅਰਜ਼ ਬੇਨਤੀ ਅੱਗੇ ਵੀ ਕਰਦੇ ਹਾਂ, ਪ੍ਰਯੋਗ ਵਿੱਚ ਲੱਗੇ ਨੇ ਬਹੁਤ ਸਾਰੇ ਤੇ ਕਿਰਪਾ ਕਰਦੇ ਨੇ ਉਹ ਛੋਟੀ ਛੋਟੀ ਕੋਸ਼ਿਸ਼ ਕਰ ਲਵੋ ਕੋਈ ਇਹ ਕੋਸ਼ਿਸ਼ ਕਰ ਲਵੋ ਕਿ ਅਸੀਂ ਉਨ੍ਹਾਂ ਦਿਨਾਂ 'ਚ ਬਾਹਰੋਂ ਨਾ ਖਾਈਏ। ਕੋਈ ਇਹ ਕੋਸ਼ਿਸ਼ ਕਰ ਲਵੋ ਕਿ ਅਸੀਂ ਖੂਹ ਦੇ ਪਾਣੀ ਦੀ ਸੋਧ ਰੱਖ ਲਈਏ। ਵੱਧ ਤੋਂ ਵੱਧ ਇਹ ਕੋਸ਼ਿਸ਼ ਕਰੀਏ ਇਨ੍ਹਾਂ ਦਿਨਾਂ ਵਿੱਚ ਹੋਰ ਕਾਰ ਵਿਹਾਰ ਜਿਹੜੇ ਕਰਨੇ ਨੇ ਓਹ ਵੀ ਕਰ ਲਵੋ ਪਰ ਹੋਰ ਇੰਟਰਟੇਮੈਂਟ ਘੱਟ ਹੋ ਕੇ ਵੱਧ ਤੋਂ ਵੱਧ ਗੁਰਬਾਣੀ ਤੇ ਨਾਮ-ਸਿਮਰਨ ਵਿੱਚ ਸਾਡਾ ਟਾਇਮ ਲੱਗੇ ਜਾਂ ਜਿਹੜੇ ਇਥੇ ਕਥਾ ਸੁਣਦੇ ਹੋ ਉਹਦੇ 'ਤੇ ਵਿਚਾਰ ਹੋਵੇ। ਤੁਸੀਂ ਹੁਣ ਬੈਠੇ ਹੋ ਦੋ ਘੰਟੇ ਆਸਾ ਦੀ ਵਾਰ ਸੁਣੀ ਹੈ, ਉਸ ਆਸਾ ਦੀ ਵਾਰ ਵਿੱਚ ਬੈਠਿਆਂ ਸਾਨੂੰ ਗੁਰਬਾਣੀ ਦੀ ਕਿਹੜੀ ਤੁਕ ਚੰਗੀ ਲੱਗੀ ਹੈ, ਜਿਹੜੀ ਮੈਂ ਸਾਰਾ ਦਿਨ ਗੁਰਬਾਣੀ ਦੀ ਉਹ ਤੁਕ ਹੀ ਯਾਦ ਕਰਦਾ ਰਵਾਂ। ਮੈਂ ਇਹ ਸੋਚਾਂ ਕੇ ਆਹ ਅੱਜ ਜੋ ਸੱਚੇ ਪਾਤਸ਼ਾਹ ਦਾ ਹੁਕਮ ਸੁਣਿਆ ਹੈ ਜਿਹੜਾ ਮੈਂ ਆਪਣੀ ਜ਼ਿੰਦਗੀ ਵਿੱਚ ਕੋਸ਼ਿਸ਼ ਕਰਨੀ ਹੈ ਕੇ ਅਪਨਾ ਸਕਾਂ। ਸੋ ਇਹ ਛੋਟੀਆਂ ਛੋਟੀਆਂ ਚੀਜ਼ਾਂ ਨੇ ਆਪਾਂ ਕੋਸ਼ਿਸ਼ ਕਰੀਏ ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਨ ਸਾਡੇ ਮਨ ਚੰਗੇ ਬਣ ਸਕਨ। ਏਨੀ ਅਰਜ਼ ਕਰਕੇ ਆਗਿਆ ਲੈਂਦਾ ਹਾਂ। ਸਤਿ ਸ੍ਰੀ ਅਕਾਲ।

# ਜ਼ਰਾ ਯਾਦ ਕਰੋ ਕੁਰਬਾਨੀ



ਸੁਵਰਨ ਸਿੰਘ ਵਿਰਕ

99963-71716

ਬਸਤੀਵਾਦੀ ਹਾਕਮਾਂ ਦੀ ਗੁਲਾਮੀ ਵਿਚ ਆਉਣ ਵਾਲਾ, ਪੰਜਾਬ ਹਿੰਦੁਸਤਾਨ ਦਾ ਆਖਰੀ ਭੂ ਭਾਗ ਸੀ ਜੋ 29 ਮਾਰਚ 1849 ਈਸਵੀ ਨੂੰ ਕੰਪਨੀ ਸਰਕਾਰ ਦੇ ਅਧੀਨ ਹੋਇਆ ਸੀ ਜਦੋਂਕਿ ਬਾਕੀ ਦੇਸ਼ ਇਸ ਤੋਂ ਹੋਰ ਸੌ ਕੁ ਸਾਲ ਪਹਿਲਾਂ, ਅੰਗਰੇਜ਼ੀ ਅਲੰਬਰਦਾਰੀ ਹੇਠ ਆ ਚੁੱਕਾ ਸੀ। ਅੰਗਰੇਜ਼ਾਂ ਨੇ ਲਾਹੌਰ ਦਰਬਾਰ ਦੀ ਸਿੱਖ ਸੈਨਾ ਉਪਰ ਫ਼ਤਹਿ ਵੀ ਛਲ ਕਪਟ ਦੁਆਰਾ ਹਾਸਲ ਕੀਤੀ ਸੀ। ਨਵੇਂ ਹਾਕਮਾਂ ਤੋਂ ਜਗੀਰਾਂ ਦੀ ਆਸ ਵਿੱਚ ਲਾਹੌਰ ਦੇ ਬਹੁਤ ਸਾਰੇ ਦਰਬਾਰੀ ਵਫਾਦਾਰੀਆਂ ਬਦਲ ਗਏ ਸਨ। ਭਾਈ ਮਹਾਰਾਜ ਸਿੰਘ ਹੋਰਾਂ ਨੇ ਮਾਰਚ 1849 ਵਾਲੇ ਰਾਵਲਪਿੰਡੀ ਦੇ ਸੈਨਿਕ ਦਰਬਾਰ ਵਿਚ ਬਾਕੀ ਸੈਨਿਕਾਂ ਜਿਉਂ ਆਪਣੇ ਹਥਿਆਰ ਜਮ੍ਹਾਂ ਨਾ ਕਰਵਾਏ, ਸਗੋਂ ਉਹਨਾਂ ਨੇ ਇੱਥੇ ਹੀ ਜੰਗ ਦਾ ਐਲਾਨ ਕਰ ਦਿੱਤਾ ਅਤੇ ਉਹ ਦੀਵਾਨ ਮੂਲ ਰਾਜ ਮੁਲਤਾਨ ਦੀ ਸਹਾਇਤਾ ਲਈ ਕੇਂਦਰੀ ਤੇ ਪੱਛਮੀ ਪੰਜਾਬ ਵਿਚੋਂ ਸੈਨਿਕ ਭਰਤੀ ਕਰਕੇ, ਮੁਲਤਾਨ ਵੱਲ ਵਧਣ ਲੱਗੇ। ਬਾਅਦ ਵਿਚ ਜਿਹੜੇ ਪਿੰਡਾਂ ਵਿਚੋਂ ਭਾਈ ਸਾਹਿਬ ਨੂੰ ਸੈਨਿਕ ਇਮਦਾਦ ਜਾਂ ਲੰਗਰ ਪਾਣੀ ਮਿਲਦਾ ਸੀ, ਅੰਗਰੇਜ਼ਾਂ ਨੇ ਉਹ ਪਿੰਡ ਅੱਗ ਲਾ ਕੇ ਸਾੜ ਦਿੱਤੇ। ਭਾਈ ਮਹਾਰਾਜ ਸਿੰਘ ਕਿਉਂਕਿ ਬਾਬਾ ਬੀਰ ਸਿੰਘ ਨੌਰੰਗਾਬਾਦੀਆਂ ਦੇ ਚੇਲੇ ਸਨ ਜੋ ਸਿੱਖ ਸੈਨਾਵਾਂ ਹੱਥੋਂ ਅਪਰੈਲ 1844 ਵਿਚ ਸ਼ਹੀਦ ਹੋਏ ਸਨ, ਕਿਉਂ ਜੋ ਉਹਨਾਂ ਮਹਾਰਾਜਾ ਰਣਜੀਤ ਸਿੰਘ ਦੇ ਦੋ ਸਾਹਿਬਜ਼ਾਦਿਆਂ, ਕੰਵਰ ਕਸ਼ਮੀਰ ਸਿੰਘ ਤੇ ਕੰਵਰ ਪਿਸ਼ੌਰਾ ਸਿੰਘ ਨੂੰ ਡੋਗਰਿਆਂ ਦੇ ਕਹਿਣ 'ਤੇ ਲਾਹੌਰ ਦਰਬਾਰ ਦੀ ਫੌਜ ਦੇ ਹਵਾਲੇ ਨਹੀਂ ਸੀ ਕੀਤਾ। ਭਾਈ ਮਹਾਰਾਜ ਸਿੰਘ ਜੀ ਬਾਬਾ ਬੀਰ ਸਿੰਘ ਦੇ ਅਧਿਆਤਮਕ ਵਾਰਸ ਬਣੇ। ਉਹ ਮਾਰਚ ਤੋਂ ਦਸੰਬਰ 1849 ਤੱਕ ਰੂਪੋਸ਼ ਹੋ ਕੇ ਸਾਂਝਾ ਪੰਜਾਬ ਸਮੇਤ ਪਹਾੜੀ ਇਲਾਕਾ, ਘੁੰਮ ਕੇ ਅੰਗਰੇਜ਼ ਸਰਕਾਰ ਵਿਰੁੱਧ ਬਗਾਵਤ ਦਾ ਪਰਚਾਰ ਕਰਦੇ ਰਹੇ। ਪਕੜੇ ਜਾਣ ਤੇ ਸੇਵਕ ਭਾਈ ਖੜਕ ਸਿੰਘ ਸਮੇਤ ਸਿੰਘਾਪੁਰ ਦੀ ਇਕ ਜਿਹਲ ਵਿਚ ਕੋਠੀਬੰਦ ਕਰ ਦਿੱਤੇ ਗਏ, ਜਿੱਥੇ ਨਾ ਹਵਾ ਆਉਂਦੀ ਸੀ ਨਾ ਸੂਰਜ ਦੀ ਧੁੱਪ। ਭਾਈ ਸਾਹਿਬ ਕੈਂਸਰ ਤੋਂ ਪੀੜਤ ਹੋ ਗਏ। ਪਹਿਲਾਂ ਅੱਖਾਂ ਦੀ ਰੋਸ਼ਨੀ ਗਈ ਤੇ ਫਿਰ ਤਿਲ ਤਿਲ ਕਰਦਿਆਂ 5 ਜੁਲਾਈ 1856 ਨੂੰ ਆਪਣੇ ਪ੍ਰਾਣ ਸੁਤੰਤਰਤਾ ਦੀ ਬਲੀ ਵੇਦੀ ਤੇ ਹੋਮ ਕਰ ਗਏ। ਦੁਆਬੇ ਅਤੇ ਮਾਝੇ ਵਿਚ ਉਹਨਾਂ ਦੀ ਗੁਰੂਆਂ ਜਿਉਂ ਮਾਨਤਾ ਸੀ।

ਲਾਹੌਰ ਦਰਬਾਰ ਦੇ ਜਿਹੜੇ ਅਹੁਦੇਦਾਰ ਜਾਂ ਹੋਰ ਸਰਦਾਰ ਅੰਗਰੇਜ਼ਾਂ ਦੁਆਰਾ ਖਰੀਦੇ ਨਾ ਗਏ, ਉਹਨਾਂ ਨੂੰ ਦੇਸ਼ ਨਿਕਾਲਾ ਦੇ ਕੇ ਪਹਿਲਾਂ ਅਲਾਹਾਬਾਦ ਦੇ ਕਿਲੇ ਵਿਚ ਰੱਖਿਆ, ਫਿਰ ਅੱਗੇ ਤੋਰ ਦਿੱਤਾ। ਇਹਨਾਂ ਵਿਚੋਂ ਪ੍ਰਮੁੱਖ ਸਨ- ਦੀਵਾਨ ਮੂਲ ਰਾਜ ਮੁਲਤਾਨ, ਰਣਗੜ੍ਹ ਅਟਾਰੀ ਨੇੜੇ ਦਾ ਸ੍. ਨਰਾਇਣ ਸਿੰਘ, ਰਾਜਾ ਸੰਸਾਰ ਚੰਦ ਕਾਂਗੜਾ ਦਾ ਪੋਤਰਾ, ਰਾਜਾ ਪਰਮੋਦ ਚੰਦਰ ਕਟੋਚ ਮਹਿਲ ਮੋਰੀ, ਦਾਤਾਰ ਪੁਰ ਦਾ ਰਾਜਾ ਜਗਤ ਚੰਦ ਅਤੇ ਉਸਦਾ ਪੁੱਤਰ ਦੇਵੀ ਸਿੰਘ, ਰਾਮ ਸਿੰਘ ਨੂਰਪੁਰੀਆ, ਬੇਦੀ ਬਿਕਰਮ ਸਿੰਘ ਊਨਾ, ਅੱਛਰ ਸਿੰਘ, ਸ੍. ਚਤਰ ਸਿੰਘ ਅਟਾਰੀ ਵਾਲਾ ਤੇ ਉਸਦੇ ਤਿੰਨ ਪੁੱਤਰ, ਰਾਜਾ ਸ਼ੇਰ ਸਿੰਘ, ਸ੍. ਗੁਲਾਬ ਸਿੰਘ ਅਤੇ ਬਿਸ਼ਨ ਸਿੰਘ, ਸ੍. ਲਾਲ ਸਿੰਘ ਅਤੇ ਮਹਿਤਾਬ ਸਿੰਘ ਮੋਚਾਰੀਆ, ਦੀਵਾਨ ਹਾਕਮ ਰਾਇ ਅਤੇ ਉਸਦੇ ਦੋ ਪੁੱਤਰ ਕ੍ਰਿਸ਼ਨ ਕੁਮਾਰ ਅਤੇ ਅਰਜਨ ਸਿੰਘ। ਰਾਜਾ ਸੂਰਤ ਸਿੰਘ ਮਜੀਠੀਆ ਵੀ ਭਾਈ ਮਹਿਰਾਜ ਸਿੰਘ ਦਾ ਪੱਕਾ ਚੇਲਾ ਸੀ, ਜੋ 1848-49 ਦੀਆਂ ਜੰਗਾਂ ਵਿਚ ਬੜੀ ਬਹਾਦਰੀ ਨਾਲ ਲੜਿਆ ਸੀ। ਉਸਦੀ ਤੀਹ ਹਜ਼ਾਰ ਰੁਪੈ ਸਾਲਾਨਾ ਆਮਦਨ ਵਾਲੀ ਜਾਗੀਰ ਜ਼ਬਤ ਕਰਕੇ, ਦੋ ਵਿਧਵਾ ਮਾਤਾਵਾਂ ਅਤੇ ਇਕ ਭੈਣ ਨਾਲ 300 ਰੁਪੈ ਮਾਸਿਕ ਪੈਨਸ਼ਨ ਦੇ ਕੇ ਬਨਾਰਸ ਵਿਚ ਨਜ਼ਰਬੰਦ

ਕਰ ਦਿੱਤਾ। ਸੰਨ 1864 ਵਿਚ ਪੰਜਾਬ ਵਾਪਸ ਭੇਜਿਆ ਪਰ ਜਾਗੀਰ ਬਹਾਲ ਨਾ ਕੀਤੀ।

12 ਅਪਰੈਲ 1857 ਨੂੰ ਵੈਸਾਖੀ ਦੇ ਪਵਿੱਤਰ ਦਿਹਾੜੇ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ (ਲੁਧਿਆਣਾ) ਵਿਖੇ ਪੰਜ ਸਿੰਘਾਂ ਨੂੰ ਖੰਡੇ-ਬਾਟੇ ਅੰਮ੍ਰਿਤ ਛਕਾ ਕੇ, ਨਾਮਧਾਰੀ ਸੰਤ ਖਾਲਸਾ ਦੀ ਬੁਨਿਆਦ ਰੱਖੀ। ਜਿੱਥੇ ਇਹ ਗੁਰੂ ਨਾਨਕ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਆਚੀ ਹੋਈ ਸਿੱਖੀ ਨੂੰ ਮੁੜ ਖੋਜਣ ਦਾ ਉਪਰਾਲਾ ਸੀ, ਉੱਥੇ ਆਪ ਨੇ ਇਸੇ ਦਿਨ ਇੱਥੇ ਇਕ ਤਿਕੋਣਾ ਸਫ਼ੈਦ ਪਰਚਮ, ਖੰਡਾ ਜੜੇ ਬਾਂਸ ਤੇ ਲਹਿਰਾ ਕੇ, ਆਪਣੀ ਪ੍ਰਭੂ ਸੱਤਾ ਦਾ ਐਲਾਨ ਕਰਦਿਆਂ, ਕੂਕਾ ਸੰਗਰਾਮ ਦੀ ਵਿੱਢ ਦਿੱਤਾ ਸੀ। ਸਤਿਗੁਰੂ ਜੀ ਨੇ ਵਿਉਪਾਰਕ ਸਰਮਾਏਦਾਰੀ ਦੀ ਨੁਮਾਇੰਦਗੀ ਕਰਨ ਵਾਲੀ ਭਾਰਤ ਦੀ ਅੰਗਰੇਜ਼ੀ ਸਰਕਾਰ ਨੂੰ "ਅਸਹਿਯੋਗ" ਅਤੇ "ਨਾ ਮਿਲਵਰਤਣ" ਦੇ ਹਥਿਆਰਾਂ ਨਾਲ ਚਿੱਤ ਕਰਨ ਦਾ ਨਿਸ਼ਾਨਾ ਮਿਥਿਆ ਸੀ। ਐਨਸਾਈਕਲੋਪੀਡੀਆ ਆਫ ਬਰਿਟੇਨਕਾ ਵਿਚ ਦਰਜ ਹੈ ਕਿ "ਗੁਰੂ ਰਾਮ ਸਿੰਘ ਜੋ ਕਿ ਇਕ ਸਿੱਖ ਦਾਰਸ਼ਨਿਕ ਹੈ ਉਹ ਪਹਿਲਾ ਭਾਰਤੀ ਹੈ ਜਿਸ ਨੇ ਬਰਤਾਨਵੀ ਸੰਸਥਾਵਾਂ ਨਾਲ ਅਸਹਿਯੋਗ ਅਤੇ ਅੰਗਰੇਜ਼ੀ ਮਿੱਲਾਂ ਵਿਚ ਬਣੇ ਮਾਲ ਨਾਲ ਪੂਰਨ ਤੌਰ 'ਤੇ ਨਾ ਮਿਲਵਰਤਨ ਨੂੰ, ਇਕ ਰਾਜਨੀਤਿਕ ਹਥਿਆਰ ਦੇ ਤੌਰ 'ਤੇ ਵਰਤਿਆ ਹੈ। ਸਤਿਗੁਰੂ ਜੀ ਸਮਝਦੇ ਸਨ ਕਿ ਜਿਹੜੇ ਸਿੱਖ ਸਰਦਾਰ ਅੰਗਰੇਜ਼ਾਂ ਦੀ ਈਨ ਮੰਨ ਕੇ ਗੋਰਿਆਂ ਦੀ ਗੁਲਾਮੀ ਵਿਚ ਚਲੇ ਗਏ ਹਨ, ਉਹ ਸਭ ਇਸ ਵੇਲੇ 'ਮਲੇਛ ਖਾਲਸਾ' ਦਾ ਰੂਪ ਧਾਰ ਚੁੱਕੇ ਹਨ ਤੇ ਜਾਗਦੀ ਜ਼ਮੀਰ ਵਾਲਿਆਂ ਨੂੰ ਆਪਣੇ ਨਾਲ ਜੋੜਕੇ, ਸੰਘਰਸ਼ ਦੇ ਪਿੜ ਵਿਚ ਕੁੱਦਣ ਦਾ ਸੱਦਾ ਦਿੱਤਾ ਗਿਆ ਹੈ। ਸੋ ਜਿਹੜੇ ਸਿੰਘ ਗੁਰਮਤਿ ਅਨੁਸਾਰੀ ਜੀਵਨ ਜਿਊਣ ਦੇ ਇਸ ਨਵੇਂ ਪੰਧ ਤੇ ਚੱਲਣਗੇ ਉਹ ਸਭ 'ਨਾਮਧਾਰੀ-ਸੰਤ ਖ਼ਾਲਸਾ' ਦਾ ਭਾਗ ਬਨਣਗੇ। ਕੂਕੇ 'ਕਿਉਂਕਿ ਆਪਣੇ ਦੀਵਾਨਾਂ ਵਿਚ ਉੱਚੀ ਉੱਚੀ' ਵਿਦੇਸ਼ੀ ਸਰਕਾਰ ਵਿਰੁੱਧ ਸ਼ਬਦ ਪੜ੍ਹਿਆ ਕਰਦੇ ਸਨ ਤਾਂ ਇਹਨਾਂ ਨੂੰ ਸਧਾਰਨ ਜਨ ਨੇ ਕੂਕੇ ਕਹਿਣਾ ਸ਼ੁਰੂ ਕਰ ਦਿੱਤਾ। ਕੂਕਾ ਅੰਦੋਲਨ ਜਾਂ 'ਕੂਕਾ ਲਹਿਰ' ਉਸ ਰਾਜਨੀਤਿਕ ਘਟਨਾਵਲੀ ਵੱਲ ਇਸ਼ਾਰੇ ਕਰਦੀ ਹੈ ਜੋ ਕੋਈ 14 ਕੁ ਸਾਲਾਂ ਵਿਚ ਕੂਕਾ ਲਹਿਰ ਨੂੰ ਇਕ ਸ਼ਕਤੀਸ਼ਾਲੀ ਲੋਕ ਲਹਿਰ ਵਿਚ ਬਦਲ ਦਿੰਦੀ ਹੈ। ਲੋਕ ਗੀਤ ਹੈ-

"ਕੂਕਿਆਂ ਦਾ ਪੰਥ ਨਿਰਾਲਾ
ਹੱਥਾਂ ਦੇ ਵਿਚ ਗੜਵੇ ਰੱਖਦੇ,
ਗਲ ਵਿਚ ਉੱਨ ਦੀ ਮਾਲਾ
ਗਹਿਣਾ ਗੱਟਾ ਮੂਲ ਨਾਂ ਪਾਉਂਦੇ
ਸਿੱਧਾ ਰੱਖਦੇ ਚਾਲਾ
ਅੰਗਰੇਜ਼ਾਂ ਦੀ ਈਨ ਨਾ ਮੰਨਦੇ
ਮੰਗਿਆਂ ਦੇਣ ਨਾ ਹਾਲਾ
ਰਾਜ ਫਰੰਗੀਆਂ ਦਾ
ਚੰਦ ਰੋਜ਼ ਦਾ ਚਾਲਾ
ਰਾਜ ਫਰੰਗੀਆਂ..."

ਸਤਿਗੁਰੂ ਜੀ ਦੇ ਇਸ ਪੰਥ/ਜਾਂ ਲਹਿਰ ਵਿਚ ਪਿੰਡਾਂ ਦੇ ਕਿਰਤੀ, ਕਿਰਸਾਨ, ਦਸਤਕਾਰ, ਹਟਵਾਈਏ ਆਦਿ ਮਾਈ-ਭਾਈ, ਲੱਖਾਂ ਦੀ ਗਿਣਤੀ ਵਿਚ ਜੁੜ ਗਏ। ਨਾਰੀ ਜਾਤੀ ਲਈ ਆਪ ਦਾ ਸਭ ਤੋਂ ਵੱਡਾ ਕਾਰਜ ਸੀ, ਲੋਕਾਂ ਨੂੰ ਜੰਮਦੀਆਂ ਲੜਕੀਆਂ ਮਾਰਨ ਦੀ ਭੈੜੀ ਰੀਤੀ ਤੋਂ ਛੁਟਕਾਰਾ ਦਿਵਾਉਣਾ। ਔਰਤਾਂ ਨੂੰ ਵੀ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ, ਜੋ ਪਹਿਲਾਂ ਨਹੀਂ ਛਕਾਇਆ ਜਾਂਦਾ ਸੀ। ਨਾਰੀ ਪੁਰਖ ਸਮਾਨਤਾ ਦਾ ਮੁੱਢ ਬੰਨ੍ਹਣਾ। ਦਾਜ ਦਹੇਜ, ਲਗਨ ਸ਼ਗਨ ਤੋਂ ਬਿਨਾਂ ਅੰਤਰ ਜਾਤੀ ਖੁੱਲ੍ਹੇ ਮੂੰਹ ਸੰਗਤ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਲਾਵਾਂ ਦੇ ਪਾਠ ਨਾਲ ਅਨੰਦ ਮਰਿਆਦਾ ਤੋਰਨੀ। ਲੜਕੀਆਂ ਵੇਚਣ, ਵੱਟਾ ਕਰਨ, ਬਾਲੂ ਜਾਂ ਅਨਜੋੜ ਵਿਆਹਾਂ ਤੇ ਰੋਕ ਲਾਉਣੀ ਅਤੇ ਵਿਧਵਾ ਵਿਆਹਾਂ ਦੀ ਪ੍ਰਚਲਨ ਇਤਿਆਦਿਕ ਕਾਰਵਾਈਆਂ ਸਦਕਾ ਔਰਤਾਂ ਵੱਡੀ ਗਿਣਤੀ ਵਿਚ ਆਪ ਦੇ ਅੰਦੋਲਨ ਦਾ ਭਾਗ ਬਣੀਆਂ। ਮਾਤ ਭਾਸ਼ਾ ਪੰਜਾਬੀ ਦੇ ਪਰਚਾਰ ਪਰਸਾਰ ਲਈ ਉਪਰਾਲੇ ਕਰਦਿਆਂ, ਇਸਤਰੀ ਵਿੱਦਿਆ ਤੇ ਵੀ ਜ਼ੋਰ ਦਿੱਤਾ। ਆਪ ਨੇ ਆਪਣੇ ਇਕ ਸਹਿਯੋਗੀ ਦੀਵਾਨ ਬੂਟਾ ਸਿੰਘ ਲਾਹੌਰ ਵਾਲੇ ਤੋਂ ਉਸਦੇ ਪ੍ਰੈਸ ਵਿਚੋਂ ਪਹਿਲੀ ਵੇਰ ਆਦਿ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਅਤੇ ਗੁਰਬਾਣੀ ਦੀਆਂ ਪੋਥੀਆਂ, ਗੁਟਕੇ ਆਦਿ ਛਪਵਾਏ। ਇਸ ਤਰ੍ਹਾਂ ਪੰਜਾਬ ਦੀ ਨਾਂ ਸਿਰਫ ਸਿੱਖ ਵੱਸੋਂ ਦਾ ਵੱਡਾ ਭਾਗ ਸਗੋਂ ਅਨੇਕ ਹਿੰਦੂ ਅਤੇ ਮੁਸਲਮਾਨ ਦੀ ਕੂਕੇ ਬਨਣ ਲੱਗ ਪਏ। ਇਹ ਇਕ ਧਾਰਮਿਕ ਲਬਾਦੇ ਵਿਚ ਲਿਪਟੀ ਹੋਈ ਲੋਕ ਲਹਿਰ ਸੀ ਜਿਸ ਦਾ ਟੀਚਾ ਅੰਗਰੇਜ਼ਾਂ ਤੋਂ ਮੁਕਤੀ ਹਾਸਲ ਕਰਕੇ ਆਪਣਾ ਸਵਰਾਜ ਕਾਇਮ ਕਰਨਾ ਸੀ। ਇਹ ਬਸਤੀਵਾਦ, ਸਾਮੰਤਵਾਦ ਅਤੇ ਪੁਜਾਰੀ ਪਰੋਹਿਤਵਾਦ ਵਿਰੋਧੀ ਲੋਕ ਲਹਿਰ ਸੀ ਜਿਸ ਦਾ ਖਾਸਾ ਜਮਹੂਰੀ ਅਤੇ ਧਰਮ ਨਿਰਪੱਖ ਸੀ। ਕੂਕਿਆਂ ਨੇ ਜੋ ਸੰਗਠਨ ਉਸਾਰਿਆ ਉਹ ਆਪਣੀ ਕਿਸਮ ਦਾ ਸੀ। ਮੁੱਢਲੀ ਇਕਾਈ ਪਿੰਡ, ਸ਼ਹਿਰ ਜਾਂ ਮੁਹੱਲੇ ਦੀ

ਸੰਗਤ, ਜੋ ਸੁਬਹਾ, ਸ਼ਾਮ ਧਰਮਸ਼ਾਲਾ/ਗੁਰਦੁਆਰੇ ਵਿਚ ਜੁੜਦੀ, ਧਰਮਸ਼ਾਲਾ ਦਾ ਗ੍ਰੰਥੀ ਸਥਾਨਕ ਸੰਗਤ ਦੀ ਧਾਰਮਿਕ ਮਾਮਲਿਆਂ ਵਿਚ ਅਗਵਾਈ ਕਰਦਾ। ਉਹ ਬੱਚਿਆਂ ਨੂੰ ਮੁੱਢਲੀ ਵਿੱਦਿਆ ਗੁਰਮੁਖੀ ਲਿਪੀ ਵਿਚ ਪੰਜਾਬੀ ਭਾਸ਼ਾ ਪੜ੍ਹਾਉਂਦੇ ਅਤੇ ਛੋਟੀਆਂ ਮੋਟੀਆਂ ਅਹੁਰਾਂ ਦੀ ਵੈਦਗੀ ਵੀ ਕਰਦਾ। ਪਿੰਡਾਂ ਦੇ ਉਪਰ ਤਪਿਆਂ ਦੇ ਜਥੇਦਾਰ ਥਾਪੇ ਜਾਂਦੇ। ਫਿਰ ਜ਼ਿਲ੍ਹਿਆਂ ਵਿਚ ਸੂਬੇ ਜਾਂ ਨਾਇਬ ਸੂਬੇ। ਸੂਬਿਆਂ ਤੋਂ ਉੱਪਰ ਕੇਂਦਰੀ ਅਸਥਾਨ, ਸਤਿਗੁਰੂ ਜੀ ਦਾ ਸੀ। ਅੰਗਰੇਜ਼ ਸਰਕਾਰ ਕੂਕਿਆਂ ਦੀ ਸੂਬਾ ਪ੍ਰਣਾਲੀ ਨੂੰ ਆਪਣੇ ਰਾਜ ਦੇ ਵਿਰੁੱਧ ਸਮਾਨੰਤਰ ਸਰਕਾਰ ਵੀ ਸਮਝਦੀ ਸੀ। ਕੂਕਿਆਂ ਦਾ ਡਾਕ ਦਾ ਵੀ ਆਪਣਾ ਪ੍ਰਬੰਧ ਸੀ ਜੋ ਸੂਬਾ ਸਾਹਿਬ ਸਿੰਘ ਦੇ ਅਧੀਨ 'ਕੂਕਾ ਪੋਸਟਲ ਸਰਵਿਸ' ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਕੂਕਿਆਂ ਦੀ ਡਾਕ ਸਰਕਾਰੀ ਡਾਕ ਤੋਂ ਪਹਿਲਾਂ ਅਤੇ ਬਿਨਾਂ ਸੈਂਸਰ ਹੋਣ ਤੋਂ ਸੁਰੱਖਿਅਤ ਪੁੱਜ ਜਾਂਦੀ।

ਕੂਕਾ ਲਹਿਰ ਦਾ ਇਕ ਹੋਰ ਮਹੱਤਵਪੂਰਨ ਪਸਾਰ ਇਸਦੇ ਦੇਸੀ ਅਤੇ ਵਿਦੇਸ਼ੀ ਸੰਪਰਕ ਸਨ। ਜਿਵੇਂ ਜਿਵੇਂ ਇਹ ਲਹਿਰ ਵਿਆਪਕ ਆਕਾਰ ਗ੍ਰਹਿਣ ਕਰਦੀ ਜਾ ਰਹੀ ਸੀ ਅਤੇ ਇਸ ਦੀਆਂ ਜਨ ਕਲਿਆਣਕਾਰੀ ਸਿੱਖਿਆਵਾਂ ਦੀ ਸੋਅ ਦੂਜੇ ਪ੍ਰਾਂਤਾਂ/ਦੇਸ਼ਾਂ ਵਿਚ ਪੁੱਜਦੀ, ਉਹ ਇਸ ਪ੍ਰਥਾਇ ਆਕਰਸ਼ਿਤ ਹੁੰਦੇ। ਏਸ਼ੀਅਨ ਤਾਕਤਾਂ ਦਾ ਇਕ ਸਾਂਝਾ ਮੁਹਾਜ਼, ਯੋਰਪੀਨ ਬਸਤੀਵਾਦੀਆਂ ਵਿਰੁੱਧ ਉਸਾਰਨਾ ਵੀ ਗੁਰੂ ਰਾਮ ਸਿੰਘ ਜੀ ਦੇ ਏਜੰਡੇ ਉੱਤੇ ਸੀ। ਇਸ ਲਈ ਉਹਨਾਂ, ਅਫਗਾਨਿਸਤਾਨ, ਰੂਸ ਦੇ ਏਸ਼ੀਅਨ ਖਿੱਤੇ, ਨੇਪਾਲ, ਭੁਟਾਨ ਆਦਿ ਦੇਸ਼ਾਂ ਵਿਚ ਅਤੇ ਲਖਨਊ, ਬਨਾਰਸ, ਗਵਾਲੀਅਰ, ਹੈਦਰਾਬਾਦ ਅਤੇ ਜੰਮੂ ਕਸ਼ਮੀਰ ਆਦਿ ਦੇਸੀ ਰਿਆਸਤਾਂ ਵਿਚ ਆਪਣੇ ਦੂਤ ਭੇਜੇ। ਉਹਨਾਂ ਨਾਲ ਕੂਟਨੀਤਿਕ, ਦੋਸਤਾਨਾ ਸਬੰਧ ਵਿਕਸਿਤ ਕੀਤੇ। ਇਸੇ ਲਈ ਆਪ ਦੀਆਂ ਇਹਨਾਂ ਕਾਰਵਾਈਆਂ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਨੋਟ ਕੀਤਾ ਕਿ ਗੁਰੂ ਰਾਮ ਸਿੰਘ ਹੁਣ ਆਪਣੀ ਇਕ ਧਾਰਮਿਕ ਰਹਿਬਰ ਵਾਲੀ ਛਵੀ ਵਿਚੋਂ ਬਾਹਰ ਨਿਕਲ ਕੇ, ਸਿਆਸੀ ਆਕਾਂਖਿਆਵਾਂ ਪਾਲਣ ਲੱਗ ਪਏ ਹਨ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਜਾਂ ਇਸ ਤੋਂ ਵੀ 30-35 ਸਾਲ ਪਹਿਲਾਂ ਸਿੱਖ ਮਿਸਲਾਂ ਦੇ ਰਾਜ ਵਿਚ ਪੰਜਾਬ ਵਿਚ ਗਊ ਵੱਧ ਨਹੀਂ ਹੁੰਦਾ ਸੀ। ਪੰਜਾਬ ਦੇ ਮੁਸਲਮਾਨ ਵੀ ਤਕਰੀਬਨ ਪੌਣੀ ਸਦੀ ਤੋਂ ਗਊ ਮਾਸ ਖਾਣਾ ਛੱਡ ਚੁੱਕੇ ਸਨ। ਪਰ ਅੰਗਰੇਜ਼ ਸਰਕਾਰ ਬਣਦਿਆਂ ਹੀ ਮਈ 1849 ਤੋਂ ਅੰਮ੍ਰਿਤਸਰ ਵਿਚ ਗਊ ਵੱਧ ਲਈ ਸਰਦਾਰ ਨੇ ਬੁੱਚੜ ਖਾਨੇ ਖੋਹਲ ਦਿੱਤੇ। ਅੰਗਰੇਜ਼ਾਂ ਦੀ ਇਹ 'ਪਾੜੋ ਤੇ ਰਾਜ ਕਰੋ' ਦੀ ਨੀਤੀ ਸੀ। ਹਿੰਦੂ, ਮੁਸਲਮਾਨਾਂ ਵਿਚ ਟਕਰਾਅ ਵੀ ਵਧਿਆ। 1871 ਆਉਂਦਿਆਂ ਤੱਕ ਤਜਾਰਤੀ ਬਾਈਕਾਟ ਵੀ ਦੋਹਾਂ ਫਿਰਕਿਆਂ ਦੇ ਹੋਏ। ਅੰਮ੍ਰਿਤਸਰ ਦੀ ਮਿਊਨਸੀਪਲ ਕਮੇਟੀ ਨੇ ਮਈ 1871 ਵਿਚ ਇਹ ਮਤਾ ਪਾਸ ਕਰ ਦਿੱਤਾ ਕਿ ਅਗਲੇ ਸਾਲ ਤੋਂ ਗਊ ਵੱਧ ਲਈ ਕਿਸੇ ਨੂੰ ਠੇਕਾ ਨਹੀਂ ਦਿਆਂਗੇ। ਅਗਲੇ ਹੀ ਦਿਨ ਕਮਿਸ਼ਨਰ ਡੇਵਿਸ ਨੇ ਫਿਰ ਮੀਟਿੰਗ ਸੱਦ ਕੇ ਆਪਣਾ ਫੈਸਲਾ ਦਿੱਤਾ ਕਿ ਗਊ ਵੱਧ ਅਵੱਸ਼ ਹੋਵੇਗਾ। ਇਸ ਤੇ ਕੂਕਿਆਂ ਨੇ ਸੰਪਰਦਾਇਕਤਾ ਫੈਲਾਉਣ ਦੇ ਨਵੇਂ ਅੱਡਿਆਂ, ਇਹਨਾਂ ਬੁੱਚੜ ਖਾਨਿਆਂ ਤੇ ਹਮਲੇ ਕੀਤੇ ਤੇ ਥੋਕ ਵਿਚ ਸ਼ਹੀਦੀਆਂ ਵਰ੍ਹੀਆਂ। ਇਹਨਾਂ ਸਾਕਿਆਂ ਵਿਚ 100 ਤੋਂ ਵੱਧ ਕੂਕੇ ਸ਼ਹੀਦ ਹੋਏ। ਸਤਿਗੁਰੂ ਰਾਮ ਸਿੰਘ ਜੀ ਤੇ ਮੁਖੀ ਸੂਬੇ ਜਨਵਰੀ 1872 ਵਿਚ ਦੇਸ਼ਬਦਰ ਕਰ ਦਿੱਤੇ। ਪੰਜ ਜਾਂ ਵੱਧ ਕੂਕਿਆਂ ਦਾ ਇਕੱਠ ਗ਼ੈਰ ਕਾਨੂੰਨੀ ਕਰਾਰ ਦਿੱਤਾ ਗਿਆ। ਕੂਕਾ ਕੇਂਦਰ ਸਾਹਿਬ ਦੇ ਬੂਹੇ ਤੇ ਨਿਗਰਾਨੀ ਲਈ ਪੁਲੀਸ ਚੌਂਕੀ ਬੈਠਾ ਦਿੱਤੀ ਜੋ ਮਈ 1923 ਵਿਚ ਉਠੀ ਸੀ। ਅੱਠਾਂ ਪਹਿਰਾਂ ਵਿਚ ਪੰਜ ਕੂਕੇ ਆਪਣੇ ਗੁਰੂ ਧਾਮ ਦੇ ਦਰਸ਼ਨ ਕਰਦੇ ਸਨ।

ਅਗਲੇ 10-15 ਵਰ੍ਹੇ ਜਦੋਂ ਗੁਰੂ ਰਾਮ ਸਿੰਘ ਰੰਗੂਨ ਵਿਚ ਕੈਦ ਸਨ ਅਤੇ ਭੈਣੀ ਸਾਹਿਬ ਵਿਖੇ ਉਹਨਾਂ ਦੇ ਛੋਟੇ ਭਾਈ ਗੁਰੂ ਹਰੀ ਸਿੰਘ ਉਹਨਾਂ ਦੀ ਜਗ੍ਹਾ ਤੇ ਸਨ, ਕੂਕਿਆਂ ਨੇ ਆਖਰੀ ਸਿੱਖ ਮਹਾਰਾਜੇ ਦਲੀਪ ਸਿੰਘ ਦੀ ਰੂਸੀ ਸੈਨਾ ਦੀ ਮੱਦਦ ਨਾਲ ਪੰਜਾਬ ਪੁੱਜ ਕੇ, ਅੰਗਰੇਜ਼ਾਂ ਤੋਂ ਸੱਤਾ ਹਥਿਆਉਣ ਦੀ ਯੋਜਨਾ ਵਿਚ ਦਿਲਚਸਪੀ ਲਈ। ਇਸ ਮਨੋਰਥ ਲਈ ਕੂਕਿਆਂ ਨੇ ਪੰਦਰਾਂ ਹਜ਼ਾਰ ਦੀ ਇਕ ਸੈਨਾ ਵੀ ਤਿਆਰ ਕੀਤੀ ਅਤੇ ਉਹ ਭੈਣੀ ਸਾਹਿਬ ਤੋਂ ਮੱਧ ਏਸ਼ੀਆ ਦੀਆਂ ਰੂਸੀ ਬਸਤੀਆਂ ਤੱਕ ਦੁਰਗਮ ਘਾਟੀਆਂ ਉਲੰਘ ਕੇ, ਅਤੇ ਅੰਬਾਲਾ, ਕਲਕੱਤਾ ਹੁੰਦੇ ਸਮੁੰਦਰੀ ਸਫਰ ਝਾਗ ਕੇ ਰੰਗੂਨ ਤੱਕ ਦੀਆਂ ਲੰਮੀਆਂ ਯਾਤਰਾਵਾਂ ਵੀ ਕਰਦੇ ਰਹੇ। ਰੂਸੀ ਮੁਹਾਫਿਜ਼ ਖਾਨਿਆਂ ਵਿਚ ਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਭਾਈ ਦੀਆਂ ਰੂਸੀ ਹਾਕਮਾਂ ਦੇ ਨਾਮ ਅਤੇ ਰੂਸੀ ਹਾਕਮਾਂ ਵੱਲੋਂ ਗੁਰੂ ਰਾਮ ਸਿੰਘ ਦੇ ਨਾਮ ਪੱਤਰ, ਅਜੇ ਵੀ ਪਏ ਵੇਖੇ ਜਾ ਸਕਦੇ ਹਨ। ਦਰਅਸਲ ਜ਼ਮੀਨਾਂ, ਜਾਇਦਾਦਾਂ ਜ਼ਬਤ ਕਰਵਾ ਕੇ, ਘਰ ਘਾਟ ਕੁਰਕ ਕਰਵਾ ਕੇ, ਸਰਕਾਰੀ ਸਖਤੀਆਂ ਝੱਲਣ ਦਾ ਕੂਕਿਆਂ ਨੇ ਜੋ ਨਿਡਰ ਮੁਕਾਬਲਾ ਕੀਤਾ ਸੀ, ਪੰਜਾਬ ਵਿਚੋਂ ਉਠਣ ਵਾਲੀਆਂ ਮਗਰਲੇ ਦੌਰ ਦੀਆਂ ਲੋਕ-ਲਹਿਰਾਂ

ਲਈ ਇਹ ਸਭ ਇਕ ਚਾਨਣ ਮੁਨਾਰੇ ਵਰਗਾ ਸੀ।

ਆਪਣੀਆਂ ਵਿਉਪਾਰਕ ਲੋੜਾਂ ਵਾਸਤੇ ਨਕਦੀ ਫਸਲਾਂ ਅਤੇ ਅਨਾਜ ਦੀ ਦਰਾਮਦ ਲਈ ਅੰਗਰੇਜ਼ ਸਰਕਾਰ ਨੇ ਉਨ੍ਹੀਵੀਂ ਸਦੀ ਦੇ ਆਖਰੀ ਦੋ ਦਹਾਕਿਆਂ ਵਿਚ ਪੰਜਾਬ ਵਿਚ ਦਰਿਆਵਾਂ ਵਿਚੋਂ ਨਹਿਰਾਂ ਕੱਢ ਕੇ ਜੰਗਲੀ ਅਤੇ ਬੇਆਬਾਦ ਜ਼ਮੀਨਾਂ ਨੂੰ ਬਹੁਤ ਉਪਜਾਊ ਨਹਿਰੀ ਬਸਤੀਆਂ ਵਿਚ ਬਦਲ ਦਿੱਤਾ ਪਰ ਹੁਣ ਇਸ ਜ਼ਮੀਨ ਨੂੰ ਵੇਖ ਵੇਖ ਕੇ ਸਰਕਾਰ ਲਾਲਾਂ ਸੁੱਟਣ ਲੱਗ ਪਈ। ਉਹਨਾਂ ਨੇ ਕਿਸਾਨਾਂ ਦੀ ਮਾਲਕੀ ਨੂੰ ਸੀਮਿਤ ਕਰਨ ਲਈ ਕਾਨੂੰਨ ਲਿਆਉਣੇ ਸ਼ੁਰੂ ਕਰ ਦਿੱਤੇ। ਭਗਤ ਸਿੰਘ ਸ਼ਹੀਦ ਦੇ ਚਾਚਾ ਸ੍ਰ. ਅਜੀਤ ਸਿੰਘ ਅਤੇ ਪਿਤਾ ਕ੍ਰਿਸ਼ਨ ਸਿੰਘ 'ਭਾਰਤ ਮਾਤਾ ਸੁਸਾਇਟੀ' ਨਾਲ ਜੁੜੇ ਹੋਏ ਸਨ ਤੇ ਇਸ ਸੁਸਾਇਟੀ ਵਲੋਂ ਪਰਚੇ ਪੈਂਫਲਿਟ ਛਾਪ ਕੇ, 1907 ਵਿਚ ਆ ਰਹੇ ਬਸਤੀਆਂ ਨਾਲ ਸਬੰਧਿਤ ਬਿੱਲ ਦਾ ਵਿਰੋਧ ਕੀਤਾ ਗਿਆ। ਇਹ ਪਹਿਲੀ ਲੋਕ ਲਹਿਰ ਹੈ ਜੋ 'ਪਗੜੀ ਸੰਭਾਲ ਜੱਟਾ' ਦੇ ਨਾਹਰੇ ਹੇਠ ਨਿਰੋਲ ਆਰਥਿਕ ਮੰਗਾਂ ਨੂੰ ਅਧਾਰ ਬਣਾਉਂਦੀ ਹੈ। ਲਾਇਲਪੁਰ, ਰਾਵਲਪਿੰਡੀ ਆਦਿ ਸ਼ਹਿਰਾਂ ਵਿਚ ਸ੍ਰ. ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਇ ਇਕੱਲਾ ਕਾਲੇ ਕਾਨੂੰਨਾਂ ਦੇ ਖਿਲਾਫ ਵੀਹ ਵੀਹ ਹਜ਼ਾਰ ਦੀ ਹਾਜ਼ਰੀ ਵਾਲੇ ਜਲਸਿਆਂ ਵਿਚ ਲੋਕਾਂ ਨੂੰ ਸਰਕਾਰ ਦਾ ਵਿਰੋਧ ਕਰਨ ਲਈ ਵੰਗਾਰਦੇ ਹਨ। ਇਹ ਵੀ ਪਹਿਲੀ ਵੇਰ ਹੁੰਦਾ ਹੈ ਕਿ ਹਿੰਦੂ, ਸਿੱਖ ਅਤੇ ਮੁਸਲਮਾਨ ਸਾਰੇ ਧਰਮਾਂ ਦੇ ਲੋਕ ਇਸ ਅੰਦੋਲਨ ਵਿਚ ਭਾਗ ਲੈਂਦੇ ਹਨ। ਜਦੋਂ ਲਾਜਪਤ ਰਾਇ ਅਤੇ ਅਜੀਤ ਸਿੰਘ ਨੂੰ ਜਲਾਵਤਨ ਕਰਕੇ ਮਾਂਡਲੇ ਭੇਜ ਦਿੱਤਾ ਜਾਂਦਾ ਹੈ ਤਾਂ ਵਿਦੇਸ਼ਾਂ ਵਿਚ ਬੈਠੇ ਭਾਰਤੀ ਇਹਨਾਂ ਅੰਦੋਲਨਕਾਰੀਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦੇ ਹਨ। ਇੰਗਲੈਂਡ, ਕੈਨੇਡਾ ਤੇ ਅਮਰੀਕਾ ਵਿਚ ਭਾਰਤੀ ਇਨਕਲਾਬੀ, ਆਪਣੇ ਦੇਸ਼ ਦੀ ਆਜ਼ਾਦੀ ਦੀ ਲੜਾਈ ਲੜ ਰਹੇ ਸਨ। 1907 ਤੋਂ ਲੈ ਕੇ 1918 ਤੱਕ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਦੇਸ਼ੀ ਧਰਤੀਆਂ ਤੋਂ ਹੀ ਲੜੀ ਗਈ ਸੀ।

ਆਮ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ 1857 ਜੇ ਸੈਨਿਕ ਵਿਦਰੋਹ ਵਿਚ ਪੰਜਾਬ ਨੇ ਅੰਗਰੇਜ਼ਾਂ ਦੀ ਮੱਦਦ ਕੀਤੀ। ਇਹ ਪੂਰਾ ਸੱਚ ਨਹੀਂ। ਸਿਰਫ ਰਾਜਪੂਤਾਨੇ ਦੀਆਂ ਰਿਆਸਤਾਂ ਜਿਉਂ ਪੰਜਾਬ ਦੀਆਂ ਸਿੱਖ ਰਿਆਸਤਾਂ ਨੇ ਇਸ ਮਹਾਂ ਸੰਗਰਾਮ ਵਿਚ ਅੰਗਰੇਜ਼ਾਂ ਦੀ ਸਹਾਇਤਾ ਕੀਤੀ। ਪੰਜਾਬ ਨੂੰ ਆਪਣੇ ਕਬਜ਼ੇ ਵਿਚ ਰੱਖਣ ਲਈ ਗਵਰਨਰ ਜਨਰਲ ਕੈਨਿੰਗ ਨੇ ਮੀਆਂ ਮੀਰ, ਲਾਹੌਰ, ਪਿਸ਼ਾਵਰ, ਮੁਲਤਾਨ, ਰਾਵਲਪਿੰਡੀ, ਜਲੰਧਰ, ਨਵਾਂ ਸ਼ਹਿਰ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਡੇਰਾ ਜਾਤ ਵਿਖੇ ਭਾਰਤੀ ਸੈਨਿਕਾਂ ਤੋਂ ਹਥਿਆਰ ਖੋਹ ਲਏ ਸਨ। ਲਾਹੌਰ, ਗੋਬਿੰਦਗੜ੍ਹ, ਫਿਲੌਰ, ਕਾਂਗੜਾ, ਅਟਕ ਤੇ ਮੁਲਤਾਨ ਦੇ ਕਿਲਿਆਂ ਤੇ ਯੌਰਪੀਨ ਸੈਨਿਕ ਭੇਜ ਕੇ ਕਬਜ਼ਾ ਕਰ ਲਿਆ। ਇਤਨਾ ਕੁਝ ਕਰਨ ਦੇ ਬਾਅਦ ਵੀ ਫਿਰੋਜ਼ਪੁਰ, ਸਿਆਲਕੋਟ, ਕਸੌਲੀ, ਜਲੰਧਰ, ਫਿਲੌਰ, ਲੁਧਿਆਣਾ, ਪਿਸ਼ਾਵਰ, ਜਿਹਲਮ ਅਤੇ ਹੋਤੀ ਮਰਦਾਨ ਆਦਿ ਸਥਾਨਾਂ ਤੇ ਸੈਨਿਕਾਂ ਨੇ ਵਿਦਰੋਹ ਕੀਤਾ ਜਿਸ ਨੂੰ ਬੜੀ ਸਖਤੀ ਨਾਲ ਕੁਚਲ ਦਿੱਤਾ ਗਿਆ। ਸਤਿਲੁਜ ਤੇ ਜਮਨਾ ਨਦੀ ਦੇ ਵਿਚਾਲੇ ਅੱਜ ਦੇ ਹਰਿਆਣਾ ਦੇ ਥਾਨੇਸਰ, ਕਰਨਾਲ, ਜਗਾਧਰੀ, ਹਾਂਸੀ, ਹਿਸਾਰ, ਸਿਰਸਾ, ਰਾਣੀਆਂ, ਰੋਹਤਕ ਤੇ ਰਿਵਾੜੀ ਵਿਚ ਵੱਡੀ ਪੱਧਰ ਤੇ ਵਿਦਰੋਹ ਹੋਇਆ। ਨੀਲੀ ਬਾਰ ਦੇ ਇਲਾਕੇ ਵਿਚ ਅਹਿਮਦ ਖਰਲ ਅਤੇ ਮੁਰਾਦ ਫਤਿਆਣਾ ਨੇ ਆਪਣੇ ਜਾਂਗਲੀ ਕਬੀਲਿਆਂ ਨੂੰ ਲਾਮਬੰਦ ਕਰਕੇ ਅੰਗਰੇਜ਼ੀ ਸੈਨਾ ਦੇ ਵਿਰੁੱਧ ਛਾਪੇ ਮਾਰ ਲੜਾਈਆਂ ਲੜਦਿਆਂ ਉਹਨਾਂ ਦਾ ਵੱਡਾ ਨੁਕਸਾਨ ਕੀਤਾ। ਪੰਜਾਬੀ ਅਤੇ ਸਿੱਖ ਸੈਨਿਕਾਂ ਨੇ ਜੋ ਅੰਗਰੇਜ਼ੀ ਫੌਜ ਵਿਚ ਸਨ ਬਗਾਵਤ ਕਰਕੇ ਦਿੱਲੀ ਦੇ ਬਾਗੀਆਂ ਦਾ ਸਾਥ ਵੀ ਦਿੱਤਾ 1857 ਦਾ ਇਹ ਵੱਡਾ ਯਤਨ ਦਬਾ ਤਾਂ ਦਿੱਤਾ ਗਿਆ ਪਰ ਇਸ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਦੇਸ਼ ਦੇ ਭਾਈਚਾਰਕ ਮਾਹੌਲ ਨੂੰ ਵਿਗਾੜਨ ਲਈ ਥਾਂ ਪਰ ਥਾਂ ਫਿਰਕਾਪ੍ਰਸਤੀ ਦੇ ਬੀਜ ਬੀਜਣ ਦੀ ਨੀਤੀ ਅਖਤਿਆਰ ਕੀਤੀ।

1905-06 ਵਿਚ ਜਿਹੜੇ ਭਾਰਤੀ ਰੋਜ਼ਗਾਰ ਵਾਸਤੇ ਅਮਰੀਕਾ, ਕੈਨੇਡਾ ਵਿਚ ਗਏ ਸਨ, ਆਜ਼ਾਦ ਦੇਸ਼ ਦੇ ਵਾਤਾਵਰਨ ਨੇ ਉਹਨਾਂ ਨੂੰ ਆਪਣੀ ਗੁਲਾਮੀ ਦਾ ਅਹਿਸਾਸ ਕਰਵਾਇਆ ਉਹਨਾਂ ਨਾਲ ਇੱਥੇ ਦੁਜੈਲਾ ਸਲੂਕ ਵੀ ਹੁੰਦਾ ਸੀ, ਜੋ ਉਹਨਾਂ ਸਮਝਿਆ ਕਿ ਇਹ ਸਭ ਸਾਡੇ ਦੇਸ਼ ਦੀ ਗੁਲਾਮੀ ਹੀ ਸਾਡੀਆਂ ਸਾਰੀਆਂ ਪਰੇਸ਼ਾਨੀਆਂ ਦਾ ਮੁੱਖ ਕਾਰਣ ਹੈ। ਹਿੰਦੁਸਤਾਨ ਵਿਚ ਅੰਗਰੇਜ਼ ਸਰਕਾਰ ਦੀ ਤਾਕਤ ਦਾ ਆਧਾਰ ਤਾਂ ਭਾਰਤੀ ਸੈਨਾ ਹੈ। ਜੇ ਸੈਨਾ ਦੇ ਦੇਸ਼ ਭਗਤ ਹਿੱਸੇ ਨੂੰ ਆਪਣੇ ਨਾਲ ਜੋੜ ਕੇ ਗ਼ਦਰ ਦਾ ਬਿਗੁਲ ਵਜਾ ਦਿੱਤਾ ਜਾਵੇ ਤਾਂ ਹਥਿਆਰਬੰਦ ਇਨਕਲਾਬ ਦੁਆਰਾ

ਬਰਤਾਨਵੀ ਸੱਤਾ ਦਾ ਭੋਗ ਪਾਇਆ ਜਾ ਸਕਦਾ ਹੈ। ਇਸੇ ਵਿਚਾਰ ਦੇ ਪਰਚਾਰ ਲਈ ਗ਼ਦਰ ਅਖ਼ਬਾਰ ਉਰਦੂ, ਪੰਜਾਬੀ, ਗੁਜਰਾਤੀ, ਬੰਗਾਲੀ ਅਤੇ ਨੇਪਾਲੀ ਆਦਿ ਭਾਸ਼ਾਵਾਂ ਵਿਚ ਕੱਢਿਆ ਗਿਆ। ਪਾਰਟੀ ਦਾ ਨਾਂ ਵੀ ਅਖ਼ਬਾਰ ਦੇ ਕਾਰਨ ਹੀ ਗ਼ਦਰ ਪਾਰਟੀ ਪੈ ਗਿਆ। ਅੱਠ ਦਸ ਹਜ਼ਾਰ ਪਰਵਾਸੀ ਪੰਜਾਬੀ ਆਪਣੀਆਂ ਜੋੜੀਆਂ ਕਮਾਈਆਂ ਲੈ ਕੇ, ਕਾਰੋਬਾਰਾਂ ਨੂੰ ਠੋਕਰ ਮਾਰ ਕੇ, ਗ਼ਦਰ ਕਰਨ ਦੇ ਉਦੇਸ਼ ਨਾਲ, 1914 ਵਿਚ ਅਮਰੀਕਾ ਅਤੇ ਦੱਖਣ ਪੂਰਬੀ ਏਸ਼ੀਆ ਦੇ ਦੇਸ਼ਾਂ ਤੋਂ ਭਾਰਤ ਨੂੰ ਪਰਤੇ। ਇਸੇ ਸਮੇਂ ਕਾਮਾਗਾਟਾ ਮਾਰੂ ਜਹਾਜ਼ ਤੋਂ ਆਏ ਪਰਵਾਸੀ ਭਾਰਤੀਆਂ ਨਾਲ ਬਜਬਜ ਘਾਟ ਦਾ ਖ਼ੂਨੀ ਸਾਕਾ ਵਾਪਰਿਆ। ਕੋਈ 5000 ਗਦਰੀਆਂ ਤੇ ਉਹਨਾਂ ਦੇ ਪਿੰਡਾਂ ਵਿਚ ਗ਼ਦਰ ਦੀ ਅਸਫਲਤਾ ਬਾਅਦ ਵੀ ਨਿਗਰਾਨੀ ਹੁੰਦੀ ਰਹੀ। ਕੋਈ 250 ਦੇ ਕਰੀਬ ਗ਼ਦਰੀ ਜਿਹਨਾਂ ਨੇ ਬੰਨੂ ਲੋਹਾਟ ਤੋਂ ਫੈਜ਼ਾਬਾਦ ਛਾਉਣੀ ਤੱਕ, ਗ਼ਦਰ ਭੜਕਾਉਣ ਦੇ ਯਤਨ ਕੀਤੇ ਸਨ, ਫਾਂਸੀ ਜਾਂ ਗੋਲੀਆਂ ਦੁਆਰਾ ਸ਼ਹੀਦ ਕੀਤੇ ਗਏ। ਅਨੇਕਾਂ ਨੇ ਕਾਲੇ ਪਾਣੀ ਉਮਰ ਕੈਦਾਂ ਜਾਂ ਘੱਟ ਮਿਆਦ ਦੀਆਂ ਮੁਸ਼ੱਕਤੀ ਜੇਲ੍ਹਾਂ ਕੱਟੀਆਂ। ਕਈ ਜੇਲ੍ਹ ਦਾ ਕੁੰਭੀ ਨਰਕ ਭੋਗਦਿਆਂ ਚੱਲ ਵੱਸੇ। ਕਾਂਗਰਸ ਜਦੋਂ ਅਜੇ 'ਡੋਮੀਨੀਅਨ ਸਟੇਟਸ' ਦੀ ਹੀ ਮੰਗ ਕਰਦੀ ਸੀ ਗ਼ਦਰੀਆਂ ਨੇ ਪੂਰਨ ਆਜ਼ਾਦੀ ਦਾ ਨਿਸ਼ਾਨਾ ਮਿਥਿਆ। ਉਹ ਧਰਮ ਨੂੰ ਹਰ ਬਸ਼ਰ ਦਾ ਨਿੱਜੀ ਮਸਲਾ ਦੱਸ ਕੇ, ਸੰਪ੍ਰਦਾਇਕ ਅਤੇ ਜਾਤੀਗਤ ਸੌੜੀਆਂ ਸੋਚਾਂ ਤੋਂ ਬਹੁਤ ਉੱਪਰ ਸਨ।

1920-21 ਵਿਚ ਅੰਗਰੇਜ਼ ਸਰਕਾਰ ਦੇ ਪਿੱਠੂ ਮਹੰਤਾਂ ਅਤੇ ਪੁਜਾਰੀਆਂ ਪਾਸੋਂ ਗੁਰਧਾਮਾਂ ਨੂੰ ਆਜ਼ਾਦ ਕਰਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਚੱਲੀ। ਨਨਕਾਣਾ ਸਾਹਿਬ ਵਿਖੇ, ਅੰਗਰੇਜ਼ ਸਰਕਾਰ ਦੀ ਸ਼ਹਿ 'ਤੇ ਗੁਰਦੁਆਰੇ ਤੇ ਕਾਬਜ਼ ਮਹੰਤ ਨੇ ਡੇਢ, ਦੋ ਸੌ ਸਿੱਖ ਬੇਰਹਿਮੀ ਨਾਲ ਗੁਰਦੁਆਰਾ ਜਨਮ ਆਸਥਾਨ ਪਾਤਸ਼ਾਹੀ ਪਹਿਲੀ ਵਿਖੇ, ਸ਼ਹੀਦ ਕਰ ਦਿੱਤੇ। ਛੇਤੀ ਮਗਰੋਂ ਗੁਰੂ ਕੇ ਬਾਗ ਦੇ ਮੋਰਚੇ ਵਿਚ ਸ਼ਾਂਤਮਈ ਅਕਾਲੀ ਕਾਰਕੁੰਨਾਂ ਨੂੰ ਪੁਲੀਸ ਅਫਸਰ ਬੀ. ਟੀ. ਨੇ ਡਾਂਗਾਂ ਅਤੇ ਘੋੜਿਆਂ ਦੇ ਸੁੰਮਾਂ ਦਾ ਨਿਸ਼ਾਨਾ ਬਣਾਇਆ। ਸ਼ਾਂਤਮਈ ਸੱਤਿਆਗ੍ਰਹਿ ਉਪਰ ਤਸ਼ੱਦਦ ਦੀ ਦੇਸ਼ ਦੁਨੀਆ ਵਿਚ ਭਰਪੂਰ ਚਰਚਾ ਹੋਈ। ਇਸ ਦੇ ਫਲ ਸਰੂਪ ਦੁਆਬੇ ਵਿਚ ਮੁੱਖ ਤੌਰ 'ਤੇ ਸਾਬਕਾ ਫੌਜੀਆਂ ਨੇ ਬੱਬਰ ਅਕਾਲੀ ਜਥਿਆਂ ਦਾ ਗਠਨ ਕੀਤਾ। ਉਹਨਾਂ ਨੇ ਪਿੰਡਾਂ ਵਿਚ ਸਰਕਾਰ ਦੇ ਕਰਿੰਦਿਆਂ, ਜੈਲਦਾਰਾਂ, ਸਫੈਦਪੋਸ਼ਾਂ, ਲੰਬੜਦਾਰਾਂ ਅਤੇ ਹੋਰ ਝੋਲੀਚੁੱਕਾਂ ਦਾ ਸਫਾਇਆ ਕੀਤਾ। 1922-23-24 ਦੇ ਸਾਲਾਂ ਵਿਚ ਜਲੰਧਰ ਦੇ ਕਮਿਸ਼ਨਰ ਟਾਊਨਸ਼ੈਂਡ ਨੇ ਪੰਜਾਬ ਸਰਕਾਰ ਨੂੰ ਲਿਖਿਆ ਕਿ ਜਲੰਧਰ, ਹੁਸ਼ਿਆਰਪੁਰ ਅਤੇ ਕਪੂਰਥਲਾ ਆਦਿ ਵਿਚ ਅੰਗਰੇਜ਼ੀ ਰਾਜ ਨਾ ਹੋ ਕੇ ਬੱਬਰ ਅਕਾਲੀਆਂ ਦਾ ਹੀ ਰਾਜ ਹੈ। ਬੱਬਰਾਂ ਤੇ ਵੱਖ ਵੱਖ ਮੁਕੱਦਮੇ ਚਲਾ ਕੇ ਉਹਨਾਂ ਨੂੰ ਫਾਂਸੀਆਂ ਤੇ ਲਟਕਾਇਆ ਗਿਆ। ਕਾਲੇ ਪਾਣੀ ਉਮਰ ਕੈਦ ਕਰਕੇ ਭੇਜਿਆ ਤੇ ਹੋਰ ਸਜਾਵਾਂ ਜਾਇਦਾਦ ਜ਼ਬਤੀ ਆਦਿ ਵੀ ਭੁਗਤੀਆਂ। ਬੱਬਰਾਂ ਨੇ ਇਹ ਸਾਰੇ ਕਸ਼ਟ ਖਿੜੇ ਮੱਥੇ ਝੱਲੇ। ਲੋਕਾਂ ਵਿਚ ਪਰਚਾਰ ਲਈ ਉਹ 'ਬੱਬਰ ਅਕਾਲੀ ਦੋਆਬਾ' ਨਾਂ ਦਾ ਪਰਚਾ ਵੀ ਛਾਪ ਕੇ ਵੰਡਿਆ ਕਰਦੇ ਸਨ। ਕ੍ਰਿਸ਼ਨ ਸਿੰਘ ਗੜਗੱਜ ਆਦਿਕ ਬੱਬਰਾਂ ਦਾ ਗ਼ਦਰ ਲਹਿਰ ਨਾਲ ਵੀ ਸਬੰਧ ਸੀ। ਦੁਆਬੇ ਦੇ ਲੋਕਾਂ ਵਿਚ ਬੱਬਰ ਬੇਹੱਦ ਮਕਬੂਲ ਸਨ ਭਾਵੇਂ ਕੁਝ ਘਟਨਾਵਾਂ ਮਾਲਵੇ ਅਤੇ ਮਾਝੇ ਵਿਚ ਵੀ ਬੱਬਰਾਂ ਦੁਆਰਾ ਹੋਈਆਂ।

ਭਾਈ ਸੰਤੋਖ ਸਿੰਘ, ਉੱਘੇ ਗ਼ਦਰੀ ਆਗੂ ਨੇ ਅਮਰੀਕਾ ਤੋਂ ਆਉਣ ਬਾਅਦ ਪੰਜਾਬੀ ਵਿਚ ਮਾਸਿਕ 'ਕਿਰਤੀ' ਪਰਚਾ ਅੰਮ੍ਰਿਤਸਰ ਤੋਂ ਸਮਾਜਵਾਦੀ ਵਿਚਾਰਾਂ ਅਤੇ ਕੌਮੀ ਮੁਕਤੀ ਦੇ ਮਕਸਦ ਲਈ ਕੱਢਿਆ। ਉਹਨਾਂ ਦੀ ਮੌਤ ਬਾਅਦ ਸੋਹਨ ਸਿੰਘ ਜੋਸ਼ ਇਸ ਦੇ ਸੰਪਾਦਕ ਬਣੇ, ਜਦੋਂ ਸ਼ਹੀਦ ਭਗਤ ਸਿੰਘ ਵੀ ਕਿਰਤੀ ਵਿਚ ਕੰਮ ਕਰਦੇ ਰਹੇ। ਭਾਰਤ ਦੇ ਬਾਕੀ ਕ੍ਰਾਂਤੀਕਾਰੀਆਂ ਵੱਲੋਂ ਬਣਾਏ ਸੰਗਠਨ, ਹਿੰਦੁਸਤਾਨ ਰੀਪਬਲੀਕਨ ਐਸੋਸੀਏਸ਼ਨ ਵਿਚ ਭਗਤ ਸਿੰਘ ਤੇ ਸਾਥੀਆਂ ਨੇ ਸਮਾਜਵਾਦੀ ਸ਼ਬਦ ਜੋੜ ਕੇ ਵਿਗਿਆਨਕ ਸਮਾਜਵਾਦ ਦੀ ਵਿਚਾਰਧਾਰਾ ਨੂੰ ਆਪਣਾ ਨਿਸ਼ਾਨਾ ਮਿਥਿਆ। 'ਨੌਜੁਆਨ ਭਾਰਤ ਸਭਾ' ਦੇ ਵਰਕਰਾਂ ਨੇ ਵੀ ਸਮਾਜਵਾਦੀ ਵਿਚਾਰਾਂ ਦਾ ਪਰਚਾਰ ਕੀਤਾ। ਅਗਲੇ ਡੇਢ ਦਹਾਕੇ ਵਿਚ ਪੰਜਾਬ ਵਿਚ ਕਿਰਤੀ ਤੇ ਕਿਸਾਨ ਲਹਿਰ ਦੀ ਅਗਵਾਈ ਹੇਠ ਲਾਹੌਰ, ਮਿੰਟਗੁਮਰੀ, ਅੰਮ੍ਰਿਤਸਰ, ਜਲੰਧਰ, ਚੜ੍ਹਿਕ, ਕਲਗੀਆਂ ਵਿਚ ਵਿਸ਼ਾਲ ਅਤੇ ਫੈਸਲਾਕੁੰਨ ਕਿਸਾਨ ਘੋਲ ਲੜੇ ਗਏ। ਗ਼ਦਰ ਪਾਰਟੀ ਦੇ ਬਾਬਾ ਸੋਹਨ ਸਿੰਘ ਭਕਨਾ, ਬਾਬਾ ਜਵਾਲਾ ਸਿੰਘ ਠੱਠੀਆਂ, ਭਾਗ ਸਿੰਘ ਕੈਨੇਡੀਅਨ ਆਦਿ ਕਿਸਾਨ ਸਭਾ ਦੀਆਂ ਸਰਗਰਮੀਆਂ ਵਿਚ ਮੋਹਰੀ ਸਨ। ਰਿਆਸਤੀ ਪਰਜਾ ਮੰਡਲ ਦੀ ਅਗਵਾਈ

ਹੇਠ ਰਿਆਸਤੀ ਜਬਰ ਵਿਰੁੱਧ ਲੜਾਈ ਵਿੱਢੀ। ਇਸੇ ਦੌਰਾਨ ਪੈਪਸੂ ਦਾ ਮੁਜ਼ਾਰਾ ਅੰਦੋਲਨ ਚੱਲਿਆਂ ਜੋ ਪੈਪਸੂ ਦੇ ਸਾਢੇ ਸੱਤ ਸੌ ਦੇ ਲਗਪਗ ਪਿੰਡਾਂ ਦੇ ਮੁਜਾਰਿਆਂ ਨੂੰ ਭੂੰਇ ਦਾ ਮਾਲਕ ਬਣਾਉਂਦਾ ਹੈ। ਦੂਜੀ ਸੰਸਾਰ ਜੰਗ ਦੇ ਖਤਮੇ ਬਾਅਦ, ਸਮਾਜਵਾਦੀ ਖੇਮੇ ਦੇ ਉਭਾਰ ਸਦਕਾ ਅਤੇ ਦੇਸ਼ ਵਿਚ ਜਨ-ਅੰਦੋਲਨਾਂ ਦਾ ਦਬਾਅ ਵਧਣ ਕਾਰਨ, ਭਾਰਤ ਨੂੰ ਓੜਕ 15 ਅਗਸਤ 1947 ਨੂੰ ਆਜ਼ਾਦੀ ਮਿਲ ਗਈ। ਅੱਜ ਜਦੋਂ ਅਸੀਂ ਆਪਣੇ ਮਹਾਨ ਅਜ਼ਾਦੀ ਸੰਗਰਾਮ ਦੇ ਸਮੂਹ ਸੂਰਬੀਰਾਂ ਨੂੰ ਜੋ ਵੱਖ ਵੱਖ ਲਹਿਰਾਂ ਵਿਚੋਂ ਆਏ, ਯਾਦ ਕਰਦੇ ਹਾਂ ਤਾਂ ਅੱਜ ਦੀਆਂ ਚੁਨੌਤੀਆਂ ਨਾਲ ਨਜਿੱਠਣ ਲਈ ਇਹਨਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਲੋਅ ਵਿਚ, ਰਸਤਾ ਲੱਭਣ ਦੇ ਆਹਰ ਵਿਚ ਹਾਂ। ਦੇਸ਼ ਵਿਚ ਪਿਛਲੇ ਅੱਠ ਸਾਲਾਂ ਤੋਂ ਜਿਹੜੀ ਸਰਕਾਰ ਕੇਂਦਰੀ ਅਤੇ ਕਈ ਰਾਜਾਂ ਵਿਚ ਵੀ ਸੱਤਾ ਵਿਚ ਹੈ, ਉਸ ਦਾ ਆਜ਼ਾਦੀ ਸੰਗਰਾਮ ਦੀ ਵਿਰਾਸਤ ਨਾਲ ਦੂਰ ਦਾ ਵੀ ਨਾਤਾ ਨਹੀਂ। ਇਸੇ ਲਈ ਸਾਡੀ ਆਜ਼ਾਦੀ ਦੀ ਲੜਾਈ ਵਿਚ, ਜਮਹੂਰੀਅਤ, ਧਰਮ ਨਿਰਪੱਖਤਾ, ਦੇਸ਼ ਦਾ ਸੰਘੀ ਢਾਂਚਾ, ਕਲਿਆਣਕਾਰੀ ਰਾਜ ਦਾ ਸੰਕਲਪ, ਮੌਲਿਕ ਅਧਿਕਾਰ ਅਤੇ ਸ਼ਹਿਰੀ ਆਜ਼ਾਦੀਆਂ ਆਦਿ ਦੇ ਜੋ ਸੰਕਲਪ ਉੱਭਰੇ, ਉਹਨਾਂ ਨਾਲ ਵੇਲੇ ਦੇ ਸੱਤਾਧਾਰੀਆਂ ਨੂੰ ਕੋਈ ਲਗਾਉ ਨਹੀਂ। ਇਸ ਲਈ ਇਹ ਸਰਕਾਰ ਇਤਿਹਾਸ ਦੇ ਪਹੀਏ ਨੂੰ ਉਲਟਾ ਗੇੜਾ ਦੇ ਰਹੀ ਹੈ। ਫਿਰਕੂ ਵੰਡ ਨੂੰ ਤਿੱਖਿਆਂ ਕੀਤਾ ਜਾ ਰਿਹਾ ਹੈ ਅਤੇ ਦੇਸ਼ ਦੇ ਬੁਨਿਆਦੀ ਢਾਂਚੇ ਨੂੰ ਹੜੱਪਣ ਲਈ ਕਾਰਪੋਰੇਟਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ।

ਦੇਸ਼ ਦੇ ਕਿਸਾਨ ਤਿੰਨ ਕਾਲੇ ਖੇਤੀ ਕਾਨੂੰਨਾਂ ਦੀ ਵਾਪਸੀ ਲਈ ਨਵੰਬਰ 2020 ਤੋਂ ਦਸੰਬਰ 2021 ਤੱਕ, ਦਿੱਲੀ ਦੀਆਂ ਬਰੂਹਾਂ ਤੇ ਮੋਰਚੇ ਗੱਡ ਕੇ ਸੂਰਮਿਆਂ ਵਾਂਗ ਬੈਠੇ ਰਹੇ। ਇਸ ਦੌਰਾਨ ਲਖੀਮਪੁਰ ਖੀਰੀ ਜ਼ਿਲ੍ਹਾ ਉਤਰ ਪ੍ਰਦੇਸ਼ ਵਿਚ ਕੇਂਦਰੀ ਮੰਤਰੀ ਅਜੈ ਮਿਸ਼ਰਾ ਟੇਨੀ ਦੀ ਸ਼ਹਿ 'ਤੇ ਉਹਦੇ ਪੁੱਤਰ ਨੇ ਚਾਰ ਕਿਸਾਨ ਅਤੇ ਇਕ ਪੱਤਰਕਾਰ ਥਾਰ ਜੀਪ ਥੱਲੇ ਦਰੜ ਸੁੱਟੇ ਸਨ। ਬਾਪ ਦੇ ਕੇਂਦਰੀ ਮੰਤਰੀ ਮੰਡਲ ਵਿਚ ਹੁੰਦਿਆਂ ਨਿਰਪੱਖ ਜਾਂਚ ਕਿਵੇਂ ਹੋ ਸਕਦੀ ਹੈ? ਪ੍ਰਧਾਨ ਮੰਤਰੀ ਨੇ ਇਕ ਵੇਰ ਤੇ ਤਿੰਨੇ ਕਾਲੇ ਕਾਨੂੰਨ ਵਾਪਸ ਲੈਣ ਅਤੇ ਐਮ.ਐਸ.ਪੀ. ਸਮੇਤ ਬਾਕੀ ਕਿਸਾਨ ਮੰਗਾਂ ਛੇਤੀ ਮੰਨਣ ਦਾ ਐਲਾਨ ਕਰਕੇ, ਕਿਸਾਨਾਂ ਦਾ ਧਰਨਾ ਦਿੱਲੀ ਤੋਂ ਚੁਕਵਾ ਦਿੱਤਾ ਪਰ ਅੱਜ ਵੀ ਉਸਦੀ ਨੀਅਤ ਕਿਸਾਨਾਂ ਪ੍ਰਤੀ ਸਾਫ਼ ਨਹੀਂ। ਇਹ ਤਿੰਨੇ ਕਾਨੂੰਨ ਅਤੇ ਬਿਜਲੀ ਬਿੱਲ ਜੋ ਪਿੱਛੇ ਜਿਹੇ ਲਿਆਂਦਾ ਸੀ ਚੋਰ ਮੋਰੀ ਰਾਹੀਂ ਲਾਗੂ ਕਰਨ ਦੀਆਂ ਸਬੀਲਾਂ ਬਣਾ ਰਹੇ ਹਨ। ਮੰਡੀਆਂ ਅਤੇ ਐਫ.ਸੀ.ਆਈ ਆਦਿ ਅਦਾਰੇ ਤੋੜਨ ਵੱਲ ਵਧ ਰਹੇ ਹਨ।

ਦੇਸ਼ ਦੇ ਧਰਮ ਨਿਰਪੱਖ ਤੇ ਜਮਹੂਰੀ ਸਰੂਪ ਨੂੰ ਤੋੜਿਆ ਮਰੋੜਿਆ ਜਾ ਰਿਹਾ ਹੈ। ਦੇਸ਼ ਨੰਗੀ ਚਿੱਟੀ ਤਾਨਾਸ਼ਾਹੀ ਵੱਲ ਵਧ ਰਿਹਾ ਹੈ। ਘੱਟ ਗਿਣਤੀਆਂ, ਪੱਟੀ ਦਰਜ ਜਾਤੀਆਂ, ਔਰਤਾਂ ਅਤੇ ਆਦਿ ਵਾਸੀਆਂ ਉੱਪਰ ਆਏ ਦਿਨ ਹਮਲੇ ਹੋ ਰਹੇ ਹਨ। ਲੋਕਾਂ ਦੇ ਪੱਖ ਵਿਚ ਭੁਗਤਣ ਵਾਲੇ ਲੇਖਕਾਂ, ਕਲਾਕਾਰਾਂ, ਵਕੀਲਾਂ, ਪੱਤਰਕਾਰਾਂ, ਬੁੱਧੀਜੀਵੀਆਂ ਆਦਿ ਨੂੰ ਵਰ੍ਹਿਆਂ ਬੱਧੀ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ। ਲੋਕ ਪੱਖੀ ਇਤਿਹਾਸਕਾਰਾਂ, ਤਰਕਸ਼ੀਲਾਂ, ਸੱਚ ਦੀ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਚੁਣ ਚੁਣ ਕੇ ਮਾਰਿਆ ਜਾ ਰਿਹਾ ਹੈ। ਬਹੁਤ ਸਾਰੇ ਮਨੁੱਖੀ ਅਧਿਕਾਰ ਕਾਰਕੁੰਨ ਵੀ ਲੰਮੇ ਸਮੇਂ ਤੋਂ ਸੀਖਾਂ ਪਿੱਛੇ ਹਨ। ਅਸੀਂ ਇਹਨਾਂ ਸਾਰਿਆਂ ਦੀ ਫੌਰੀ ਰਿਹਾਈ ਦੀ ਆਵਾਜ਼ ਬੁਲੰਦ ਕਰਦੇ ਹਾਂ। ਅਸੀਂ ਭਾਰਤ ਦੇ ਧਰਮ ਨਿਰਪੱਖ, ਜਮਹੂਰੀ ਅਤੇ ਇਕ ਸਮਾਜਵਾਦੀ ਦੇਸ਼ ਬਣਨ ਦੀ ਸੰਵਿਧਾਨ ਦੀ ਮੂਲ ਭਾਵਨਾ ਨੂੰ ਕਾਇਮ ਰੱਖਣ ਲਈ, ਸੰਘਰਸ਼ ਵਿਚ ਜੁੱਟੇ ਰਹਿਣ ਦਾ ਅਹਿਦ ਕਰਦੇ ਹਾਂ। ਭਾਰਤ ਕਈ ਕੌਮੀਅਤਾਂ, ਫਿਰਕਿਆਂ, ਮਜ਼੍ਹਬਾਂ, ਬੋਲੀਆਂ ਦਾ ਇਕ ਬਹੁ ਭਾਸ਼ਾਈ ਦੇਸ਼ ਹੈ, ਇਸ ਉਪਰ ਹਿੰਦੀ ਜਾਂ ਅੰਗਰੇਜ਼ੀ ਦੀ ਅਜਾਰੇਦਾਰੀ ਥੋਪਣ ਦੇ ਵੀ ਅਸੀਂ ਹੱਕ ਵਿਚ ਨਹੀਂ।

ਅੱਜ ਗਦਰੀ ਬਾਬਿਆਂ ਦੇ 31ਵੇਂ ਮੇਲੇ ਦੇ ਉਦਘਾਟਨੀ ਸਤਰ ਵਿਚ ਅਸੀਂ ਆਪਣੇ ਦੇਸ਼ ਨੂੰ ਕੌਮੀ ਮੁਕਤੀ ਸੰਗਰਾਮ ਦੇ ਮਹਾਨ ਸ਼ਹੀਦਾਂ ਦੇ ਚਿਤਵੇ ਆਦਰਸ਼ ਲੁੱਟ ਖਸੁੱਟ ਰਹਿਤ, ਧਰਮ ਨਿਰਪੱਖ ਅਤੇ ਸਮਾਜਵਾਦੀ ਦੇਸ਼ ਬਨਾਉਣ ਦਾ ਵੀ ਹਲਫ ਲੈਂਦੇ ਹਾਂ।

..........................................

# ਚੰਦਾ ਸਿੰਘ ਝੱਬਰ ਰਚਿਤ ਬਾਰਾਂਮਾਹ : ਰਾਜਸੀ ਸਰੋਕਾਰ



**ਡਾ. ਕਿਰਨਪਾਲ ਸਿੰਘ**

**98149-26024**

ਨਾਮਧਾਰੀ ਲਹਿਰ ਮਹਿਜ਼ ਧਾਰਮਿਕ ਲਹਿਰ ਨਹੀਂ ਸੀ, ਇਸ ਦੇ ਸਰੋਕਾਰ ਰਾਜਨੀਤਕ, ਆਰਥਿਕ, ਸਮਾਜਿਕ, ਨੈਤਿਕ ਅਤੇ ਸਭਿਆਚਾਰਕ ਸਨ। ਇਸ ਲਹਿਰ ਨੇ ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਦੌਰਾਨ ਲੋਕਾਂ ਦੀ ਮਾਨਸਿਕਤਾ ਅਤੇ ਰਾਜਸੀ ਅਵਚੇਤਨ ਉਪਰ ਚੋਖਾ ਪ੍ਰਭਾਵ ਪਾਇਆ। ਬਰਤਾਨਵੀ ਬਸਤੀਵਾਦ ਦੀ ਰਾਜਸੀ ਗੁਲਾਮੀ ਅਤੇ ਬਹੁ-ਪਰਤੀ ਦਮਨ ਕਾਰਨ ਪਸਤ ਹੋਈ ਭਾਰਤੀ ਮਾਨਸਿਕਤਾ ਨੂੰ ਨਵਾਂ ਹੁਲਾਰਾ ਦਿੱਤਾ।[1] ਧਰਮ ਸੁਧਾਰ ਦੇ ਨਿਸ਼ਾਨੇ ਨੂੰ ਲੈ ਕੇ ਸ਼ੁਰੂ ਹੋਈ ਨਾਮਧਾਰੀ ਲਹਿਰ ਬਾਅਦ ਵਿਚ ਸਮਾਜਕ ਤੇ ਰਾਜਸੀ ਮਨੋਰਥ ਨੂੰ ਸਮਰਪਿਤ ਹੋ ਗਈ ਤੇ ਇਸਦੇ ਸ਼ਰਧਾਲੂ ਕਵੀਆਂ ਵੱਲੋਂ ਰਚਿਆ ਸਾਹਿਤ ਜਨ-ਸਧਾਰਨ ਨੂੰ ਰਾਜਸੀ ਸੇਧ ਦੇਣ ਲਗਦਾ ਹੈ। ਉੱਨੀਵੀਂ ਸਦੀ ਦੇ ਪਿਛਲੇ ਅੱਧ ਵਿਚ ਲਿਖੇ ਗਏ ਬਾਬਾ ਚੰਦਾ ਸਿੰਘ ਝੱਬਰ ਅਤੇ ਸੰਤ ਨਿਹਾਲ ਸਿੰਘ ਦੇ ਬਾਰਾਂ-ਮਾਹੇ ਦਿੱਖ ਦੀ ਪੱਧਰ ਤੇ ਤਾਂ ਸਤਿਗੁਰੂ ਰਾਮ ਸਿੰਘ ਦੇ ਹਿਜ਼ਰ ਵਿਯੋਗ ਦੀਆਂ ਰਚਨਾਵਾਂ ਹਨ, ਪਰ ਗੁੱਝੇ ਸਾਰ ਦੀ ਪੱਧਰ ਤੇ ਇਹ ਬਾਰਾਂ-ਮਾਹੇ ਬਸਤੀਵਾਦੀ ਹਕੂਮਤ ਪ੍ਰਤੀ ਨਾਮਧਾਰੀ ਲਹਿਰ ਦੀ ਨਾਬਰੀ ਨੂੰ ਰੂਪਮਾਨ ਕਰਦੇ ਹਨ।[2] ਇਸੇ ਕਰਕੇ ਆਲੋਚਕ ਡਾ. ਸੁਖਦੇਵ ਸਿੰਘ ਸਿਰਸਾ ਨਾਮਧਾਰੀ ਲਹਿਰ ਦੇ ਸਾਹਿਤ ਨੂੰ ਰਾਸ਼ਟਰਵਾਦੀ ਚਰਿਤਰ ਦਾ ਸੁਆਮੀ ਹੋਣ ਕਰਕੇ ਸਾਡਾ ਕੌਮੀ ਸਰਮਾਇਆ ਮੰਨਦੇ ਹਨ।[3]

ਨਾਮਧਾਰੀ ਸ਼ਰਧਾਲੂ ਚੰਦਾ ਸਿੰਘ ਝੱਬਰ ਰਚਿਤ ਬਾਰਾਂਮਾਹ ਦਾ ਨਾਮਧਾਰੀ ਸਾਹਿਤ ਵਿਚ ਵਿਸ਼ੇਸ ਸਥਾਨ ਹੈ। ਤਾਰਾ ਸਿੰਘ ਅਨਜਾਣ ਨੇ ਭਾਈ ਚੰਦਾ ਸਿੰਘ ਝੱਬਰ ਨੂੰ ਨਾਮਧਾਰੀ ਸਿੰਘਾਂ ਵਿੱਚੋਂ ਪਹਿਲਾ ਕਵੀ ਮੰਨਿਆ ਹੈ ਤੇ ਨਾਲ ਹੀ ਉਸਦੀ ਰਚਨਾ ਬਾਰਾਂਮਾਹ ਨੂੰ ਨਾਮਧਾਰੀ ਸਾਹਿਤ ਦੀ ਪਹਿਲੀ ਕਾਵਿ ਰਚਨਾ ਕਿਹਾ ਹੈ।[4] ਭਾਈ ਚੰਦਾ ਸਿੰਘ ਝੱਬਰ ਦੁਆਰਾ ਰਚਿਤ ਬਾਰਾਂਮਾਹ ਦੇ ਵਿਸ਼ੇ ਬਾਰੇ ਸੁਵਰਨ ਸਿੰਘ ਵਿਰਕ ਲਿਖਦੇ ਹਨ-

"ਉਸਦੀ (ਭਾਈ ਚੰਦਾ ਸਿੰਘ ਝੱਬਰ) ਰਚਨਾ ਦਾ ਕੇਂਦਰੀ ਵਿਸ਼ਾ ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਨਾਮਧਾਰੀ ਸੰਗਤ ਅਤੇ ਦੇਸ਼ ਪੰਜਾਬ ਤੋਂ ਪਿਆ ਵਿਛੋੜਾ ਹੈ ਅਤੇ ਵਿਛੜੇ ਦੀ ਇਸ ਕਸਕ ਨੂੰ ਪ੍ਰਗਟਾਉਣ ਲਈ, ਵਿਯੋਗੀਆਂ ਦੀ ਇਸੇ ਸ਼ੈਲੀ ਵਿਚ ਭਾਈ ਚੰਦਾ ਸਿੰਘ ਨੇ ਆਪਣੇ ਬਾਰਾਂਮਾਹ ਦੀ ਰਚਨਾ ਕੀਤੀ ਹੈ। ਇਸ ਵਿਚ ਨਾਮਧਾਰੀ ਇਤਿਹਾਸ ਦੇ ਹਵਾਲੇ ਵੀ ਹਨ। ਬੁੱਚੜ-ਬੱਧ ਸਾਕਿਆਂ ਦਾ ਵਰਣਨ ਵੀ ਹੈ। ਨਿੰਦਕਾਂ, ਮੁਖ਼ਬਰਾਂ ਦੇ ਹਵਾਲੇ ਵੀ ਹਨ। ਰੂਸ ਦੀ ਸਹਾਇਤਾ ਨਾਲ ਪੰਜਾਬ ਵਿਚ ਸੁਤੰਤਰ ਰਾਜ ਕਾਇਮ ਕਰਨ ਦੀਆਂ ਯੋਜਨਾਵਾਂ ਦੇ ਖ਼ਾਕੇ ਵੀ ਹਨ। ਸੂਬਾ ਬਿਸ਼ਨ ਸਿੰਘ ਕਾਬੁਲ ਵਰਗੇ ਇਤਿਹਾਸਕ ਪਾਤਰਾਂ ਦੀ ਕੀਰਤੀ ਨੂੰ ਵੀ ਚਿਰ ਸਥਾਈ ਬਣਾ ਦਿੱਤਾ ਗਿਆ ਹੈ। ਨਾਮਧਾਰੀਆਂ ਦੀ ਜੀਵਨ ਜਾਂਚ ਅਤੇ ਕੂਕਾ ਸੱਭਿਆਚਾਰ ਬਾਰੇ ਭਰਪੂਰ ਹਵਾਲਿਆਂ ਨਾਲ ਇਹ ਰਚਨਾ ਮਾਲੋ-ਮਾਲ ਹੈ।"[5]

ਪੰਜਾਬੀ ਸਾਹਿਤ ਦੇ ਨਾਮਵਾਰ ਹਸਤਾਖ਼ਰ ਤੇ ਵਿਸ਼ਲੇਸ਼ਕ ਹਰਿਭਜਨ ਸਿੰਘ ਨੇ ਚੰਦਾ ਸਿੰਘ ਝੱਬਰ ਦੀ ਰਚਨਾ ਬਾਰੇ ਲਿਖਿਆ ਹੈ-

"ਚੰਦਾ ਸਿੰਘ ਮੰਗਲਾਚਰਨ ਵਿਚ ਆਪਣੇ ਸਤਿਗੁਰੂਆਂ ਨੂੰ ਨਮਸਕਾਰ ਕਰਨ ਬਾਦ ਗਣਪਤਿ ਗੌਰਾਂ ਅਤੇ ਸ਼ਾਰਦਾ ਦੀ ਸ਼ਰਨ ਪ੍ਰਾਪਤ ਕਰਦਾ ਹੈ ਅਤੇ ਗੁਰੂ ਨਾਨਕ ਦੀ ਬਾਣੀ ਤੋਂ ਪ੍ਰੇਰਨਾ ਲੈਂਦਾ ਹੈ। ਬਾਰਾਂਮਾਹ ਦੇ ਅੰਦਰ ਉਹ ਬਾਬਾ ਜੀ ਨੂੰ ਰਘੁਪਤਿ ਕਹਿੰਦਾ ਹੈ। ਰਾਮਾਇਣ ਦੀ ਕਥਾ ਵਿਚੋਂ ਪ੍ਰਮਾਣ ਲਏ ਗਏ ਹਨ। ਚੰਦਾ ਸਿੰਘ ਨੂੰ ਰਾਮ ਸਿੰਘ ਦਾ ਦੇਸ਼-ਨਿਕਾਲਾ ਰਾਮ ਬਨਬਾਸ ਵਰਗਾ ਜਾਪਦਾ ਹੈ। ... ਪਾਬੰਦੀਆਂ ਲਾਉਣ ਵਾਲੇ ਜ਼ਾਲਮ ਕੰਸ ਨੂੰ ਪਛਾੜਣ ਲਈ ਕ੍ਰਿਸ਼ਨ ਨੇ ਅਵਤਾਰ ਧਾਰਿਆ, ਇਸ ਦਾ ਪ੍ਰਮਾਣ ਦੇਦੇਂ ਹੋਏ ਜ਼ਾਬਰ ਅੰਗਰੇਜ਼ ਦਾ ਅੰਤ ਕਰਨ ਵਾਲੇ ਬਾਬੇ ਰਾਮ ਸਿੰਘ ਵੱਲ ਸੰਕੇਤ

ਕੀਤਾ ਗਿਆ ਹੈ। ਚੀਨੀ ਘੋੜੀ ਪਰ ਸਵਾਰ ਬਾਬਾ ਰਾਮ ਸਿੰਘ ਦੇ ਨਾਲ-ਨਾਲ ਸਲੋਤਰ (ਡੰਡੇ) ਫੜ ਕੇ ਮਸਤਾਨੇ ਕੂਕੇ ਚਲੇ ਜਾ ਰਹੇ ਹਨ ਜਿਵੇਂ ਲੰਕਾ ਜਿੱਤਣ ਲਈ ਬਾਨਰ ਸੈਨਾ ਰਾਮਚੰਦ ਦੇ ਨਾਲ ਤੁਰੀ ਜਾ ਰਹੀ ਹੋਵੇ। ਇਸ ਰਚਨਾ ਦੇ ਅੰਦਰ ਪੰਜਾਬੀ ਵਾਰ ਦੇ ਵੇਰਵੇ- ਕਲ ਅਤੇ ਨਾਰਦ ਵੀ ਨਜ਼ਰ ਆਉਂਦੇ ਹਨ। ਨੰਦਨ (ਲੰਡਨ) ਅਤੇ ਰੂਸ ਦੀਆਂ ਫੌਜਾਂ ਦੇ ਕਾਲਪਨਿਕ ਜੁੱਧ ਦਾ ਵੀ ਚਿੱਤਰ ਹੈ। ਰਚਨਾ ਅਸੁਰ ਸੰਘਾਰ ਤੇ ਖਤਮ ਹੁੰਦੀ ਹੈ। ਇਹ ਸੂਖ਼ਮ ਜਿਹਾ ਸੰਕੇਤ ਗੁਰੂ ਗੋਬਿੰਦ ਸਿੰਘ ਰਚਿਤ ਚੰਡੀ ਦੀ ਵਾਰ ਵੱਲ ਹੈ।"[6]

ਚੰਦਾ ਸਿੰਘ ਦੀ ਰਚਨਾ ਬਾਰਾਂਮਾਹ ਵਿਸ਼ੇ ਪੱਖ ਤੋਂ ਰਾਜਸੀ ਹੈ ਜਿਸ ਵਿਚੋਂ ਮਿਲਦੇ ਸੰਕੇਤ ਅਤੇ ਰੁੱਤ ਵਰਨਣ ਰਾਹੀਂ ਕੀਤੇ ਇਸ਼ਾਰੇ ਨਾਮਧਰੀਆਂ ਦੀ ਰਾਜਸੀ ਸੂਝ ਅਤੇ ਜਨ-ਸਧਾਰਨ ਵਿਚਲੀ ਰਾਜਸੀ ਚੇਤਨਾ ਦੇ ਪ੍ਰਮਾਣ ਹਨ। ਇਸ ਵਿਚ ਕੂਕਾ-ਰੂਸ ਸੰਬੰਧਾਂ ਦਾ ਕੌਮੀ ਸੁਤੰਤਰਤਾ ਸੰਗਰਾਮ ਦੇ ਸੰਦਰਭ ਵਿਚ ਵਰਨਣ ਹੈ।[7]

ਭਾਈ ਚੰਦਾ ਸਿੰਘ ਝੱਬਰ ਰਚਿਤ ਬਾਰਾਂਮਾਹ ਸ਼ਾਇਦ ਪਹਿਲੀ ਪੰਜਾਬੀ ਰਚਨਾ ਹੈ ਜਿਸਨੂੰ ਬਸਤੀਵਾਦੀ ਹਕੂਮਤ ਦੇ ਖੁਫ਼ੀਆ ਵਿਭਾਗ ਨੇ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ। ਕੂਕਾ ਲਹਿਰ ਬਾਰੇ ਖੋਜੀ ਜਸਵਿੰਦਰ ਸਿੰਘ ਦੇ ਹਵਾਲੇ ਨਾਲ ਹਰਿਭਜਨ ਸਿੰਘ ਲਿਖਦੇ ਹਨ-

"ਪੰਜਾਬ ਸਰਕਾਰ ਦੇ ਕਾਰਜਕਾਰੀ ਸਕੱਤਰ ਮਿਸਟਰ ਸੀ. ਐਲ. ਟੱਪਰ ਨੇ ਸਕੱਤਰ ਭਾਰਤ ਸਰਕਾਰ, ਹੋਮ ਡਿਪਾਰਟਮੈਂਟ ਦੇ ਸਕੱਤਰ ਮਿਸਟਰ ਏ. ਮੈਕੰਜੀ ਵੱਲ ਲਾਹੌਰੋਂ 24-6-1884 ਨੂੰ ਇਕ ਚਿੱਠੀ ਲਿਖੀ ਜਿਸ ਵਿਚ ਇਸ ਬਾਰਾਂਮਾਹ ਦਾ ਜ਼ਿਕਰ ਹੈ। ਇਸ ਪੱਤਰ ਦੇ ਨਾਲ ਇਸਦਾ ਪੂਰਾ ਅੰਗਰੇਜ਼ੀ ਅਨੁਵਾਦ ਵੀ ਨੱਥੀ ਕੀਤਾ ਗਿਆ ਤੇ ਇਹ ਵੀ ਦੱਸਿਆ ਗਿਆ ਕਿ ਇਹ ਬਾਰਾਂਮਾਹ ਅੱਜ-ਕੱਲ ਪ੍ਰਕਾਸ਼ਿਤ ਰੂਪ ਵਿਚ ਲੋਕਾਂ ਵਿਚ ਪ੍ਰਸਾਰਿਆ ਜਾ ਰਿਹਾ ਹੈ।"[8]

ਸੁਵਰਨ ਸਿੰਘ ਵਿਰਕ ਆਪਣੀ ਪੁਸਤਕ ਕੂਕਾ ਲਹਿਰ ਦਾ ਪੰਜਾਬੀ ਸਾਹਿਤ ਦੇ ਬਾਰਾਮਾਂਹ ਭਾਈ ਚੰਦਾ ਸਿੰਘ ਝੱਬਰ ਅਧਿਆਇ ਵਿਚ ਲਿਖਦੇ ਹਨ-

"27 ਜੂਨ 1884 ਈ. ਨੂੰ ਪੰਜਾਬ ਸਰਕਾਰ ਦੇ ਕਾਰਜਕਾਰੀ ਸਕੱਤਰ ਸੀ. ਐਲ. ਟੱਪਰ ਵੱਲੋਂ ਹਿੰਦ ਸਰਕਾਰ ਦੇ ਗ੍ਰਹਿ ਵਿਭਾਗ ਦੇ ਸਕੱਤਰ ਨੂੰ ਭੇਜੇ ਪੱਤਰ ਵਿਚ ਇਸ ਬਾਰਾਮਾਂਹ ਦਾ ਨਾ ਕੇਵਲ ਕੂਕਿਆਂ ਦਾ ਅੰਗਰੇਜ਼ ਤੇ ਭੈ ਪਾਉਣ ਵਾਲੀ ਰਚਨਾ ਦੇ ਤੌਰ ਤੇ ਜ਼ਿਕਰ ਕੀਤਾ ਹੈ ਸਗੋਂ ਰੂਸ ਦੀ ਸਹਾਇਤਾ ਨਾਲ ਅੰਗਰੇਜ਼ਾਂ ਨੂੰ ਕੱਢ ਕੇ ਗੁਰੂ ਰਾਮ ਸਿੰਘ ਜੀ ਦੇ ਮੁੜ ਦੇਸ਼ ਵਿਚ ਲਿਆਉਣ ਦੀਆਂ ਯੋਜਨਾਵਾਂ ਦਾ ਵਰਨਣ ਹੈ।"[9]

1884 ਈ: ਦੀ ਵਿਸਾਖੀ ਨੂੰ ਹੋਈ ਇਕੱਤਰਤਾ ਵਿਚ ਭਾਈ ਦੇਵਾ ਸਿੰਘ, ਪਿੰਡ ਸ਼ਾਹਬਾਜ਼ਪੁਰ, ਜ਼ਿਲ੍ਹਾ ਫਿਰੋਜ਼ਪੁਰ ਨੇ ਇਕ ਕਾਵਿ ਰਚਨਾ (ਬਾਰਾਮਾਂਹ ਚੰਦਾ ਸਿੰਘ) ਪੜ੍ਹ ਕੇ ਸੁਣਾਈ, ਜਿਸਨੇ ਹਾਜ਼ਰ ਸੰਗਤ ਵਿਚ ਨਵਾਂ ਜੋਸ਼ ਤੇ ਉਮਾਹ ਪੈਦਾ ਕੀਤਾ।[10] ਇਸ ਬਾਰੇ ਪੰਜਾਬ ਦੇ ਸਹਾਇਕ ਆਈ. ਜੀ. ਮੈਕਕਰੇਕਨ ਨੇ ਹੋਰ ਵਿਸਥਾਰ ਵਿਚ ਨੋਟਿਸ ਲਿਆ ਤੇ ਅੰਮ੍ਰਿਤਸਰ ਦੇ ਪੁਲਿਸ ਕਪਤਾਨ ਨੇ ਭੇਜੀ ਸੂਚਨਾ ਵਿਚ ਉਕਤ ਵਾਕਿਆਤ ਦਾ ਜ਼ਿਕਰ ਕੀਤਾ।[11] ਅੰਗਰੇਜ਼ ਸਰਕਾਰ ਦੇ ਗੁਪਤਚਰ ਵਿਭਾਗ ਨੂੰ ਇਸ ਰਚਨਾ ਵਿਚ ਬਹੁਤ ਸਾਰੇ ਭੜਕਾਊ ਬਿਆਨ ਪ੍ਰਤੀਤ ਹੋਏ ਸਨ। ਆਪਣੇ ਆਲ੍ਹਾ ਅਧਿਕਾਰੀਆਂ ਨੂੰ ਭੇਜੀਆਂ ਰਿਪੋਰਟਾਂ ਵਿਚ ਅੰਗਰੇਜ਼ ਅਧਿਕਾਰੀ ਇਹ ਟਿੱਪਣੀ ਕਰਦੇ ਹਨ ਕਿ "ਇਸ ਕਵਿਤਾ ਵਿਚ ਅੰਗਰੇਜ਼ਾਂ ਦੇ ਮਨਾਂ ਉਪਰ ਕੂਕਿਆਂ ਤੋਂ ਉਪਜੇ ਭੈਅ ਦਾ ਬਿਆਨ ਹੈ। ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਅੰਗਰੇਜ਼ਾਂ ਨੂੰ ਇਥੋਂ ਕੱਢਣ ਵਾਸਤੇ ਰੂਸ ਆ ਰਿਹਾ ਹੈ ਅਤੇ ਇਹ ਵੀ ਭਵਿੱਖਬਾਣੀ ਕੀਤੀ ਗਈ ਕਿ ਸਤਿਗੁਰੂ ਰਾਮ ਸਿੰਘ ਜੀ ਦੁਬਾਰਾ ਪੰਜਾਬ ਆਉਣਗੇ।"[12] ਇਸ ਪ੍ਰਕਾਰ ਚੰਦਾ ਸਿੰਘ ਝੱਬਰ ਰਚਿਤ ਬਾਰਾਂਮਾਹ ਬਰਤਾਨਵੀ ਬਸਤੀਵਾਦੀ ਸਰਕਾਰ ਵੱਲੋਂ ਨੋਟਿਸ ਵਿਚ ਲਈ ਜਾਣ ਵਾਲੀ ਪਹਿਲੀ ਪੰਜਾਬੀ ਕਵਿਤਾ ਵੀ ਹੋ ਨਿਬੜਦੀ ਹੈ।

ਚੰਦਾ ਸਿੰਘ ਝੱਬਰ ਬਾਰਾਮਾਂਹ ਵਿਚ ਨਾਮਧਾਰੀਆਂ ਦੇ ਅਕੀਦੇ ਦੀ ਗੱਲ ਕਰਦੇ ਹਨ ਕਿ ਇਹ (ਨਾਮਧਾਰੀ) ਅਕਾਲ ਤੋਂ ਬਿਨ੍ਹਾਂ ਹੋਰ ਕਿਸੇ ਦੀ ਗੱਲ ਨਹੀਂ ਕਰਦੇ ਜਿਸ ਤੇ ਫਿਕਰਮੰਦ ਗੋਰੇ (ਬਸਤੀਵਾਦੀ ਸਾਸ਼ਕ) ਨੰਦਨ (ਲੰਡਨ) ਵਿਚ ਬੈਠਕਾਂ ਕਰਦੇ ਹਨ:

-ਜੇਠ ਮਹੀਨੇ ਲਿਖਿਆ,
ਬਹਿ ਗੋਰੇ ਨੰਦਨ ਵੱਲ।
ਇਹ ਸਿੰਘ ਬਾਝ ਅਕਾਲ ਦੇ,
ਹੋਰ ਨਾ ਕਰਦੇ ਗੱਲ।
-ਗੋਰੇ ਬਹਿ ਬਹਿ ਕਰਨ ਸਲਾਹੀ,
ਇਹ ਸਿੰਘ ਸਾਥੋਂ ਡਰਦੇ ਨਾਹੀ।[13]

ਚੰਦਾ ਸਿੰਘ ਝੱਬਰ ਦੇ ਬਾਰਾਂਮਾਹ ਵਿਚ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲੇ ਦੇ ਬੁੱਚੜ-ਬੱਧ ਸਾਕਿਆਂ ਦਾ ਜ਼ਿਕਰ ਹੈ, ਜਿਸ ਵਿਚ ਨਾਮਧਾਰੀਆਂ ਨੇ ਅੰਗਰੇਜ਼ ਸਮਰਥਕ ਬੁੱਚੜਾਂ ਨੂੰ ਮਾਰ ਕੇ ਸਿੱਧਾ ਅੰਗਰੇਜ਼ਾਂ ਦੀ ਰਾਜਸੀ ਸੱਤਾ ਨੂੰ ਚੁਣੌਤੀ ਦਿੱਤੀ ਸੀ:

-ਸਤਿਗੁਰ ਹੋਰ ਹੁਕਮ ਚੜ੍ਹਾਏ,
ਸਾਰੀ ਸੰਗਤ ਤਾਈਂ ਸੁਣਾਏ,
ਇਹ ਮਲੇਸ਼ ਲੰਦਨੋਂ ਆਏ,
ਏਨ੍ਹਾਂ ਬੁੱਚੜ ਖਾਨੇ ਲਾਏ,
ਸਾਨੂੰ ਦੁੱਖ ਗਊਆਂ ਦਾ ਖਾਏ,
ਸਿੰਘੋ ਸੀਸ ਦੇਵਣੇ ਆਏ, ਨਾਏ ਕਰਤਾਰ ਦੇ।[14]

ਇਸ ਬਾਰਾਂਮਾਹ ਵਿਚ ਕਵੀ ਚੰਦਾ ਸਿੰਘ ਝੱਬਰ ਨੇ ਨਾਮਧਾਰੀਆਂ ਦੇ ਬਾਹਰਲੇ ਦੇਸ਼ਾਂ ਨਾਲ ਰਾਜਨੀਤਿਕ ਸਬੰਧਾਂ ਦੇ ਚੱਲਦਿਆਂ ਰੂਸ ਤੋਂ ਮਦਦ ਲੈਣ ਦਾ ਜ਼ਿਕਰ ਵੀ ਕੀਤਾ ਹੈ। ਸਤਿਗੁਰੂ ਰਾਮ ਸਿੰਘ ਦਾ ਭਾਰਤ ਨੂੰ ਗੋਰਿਆਂ ਤੋਂ ਮੁਕਤ ਕਰਵਾਉਣ ਲਈ- ਕਸ਼ਮੀਰ, ਗਵਾਲੀਅਰ, ਬਨਾਰਸ, ਅਤੇ ਲਖਨਊ ਆਦਿ ਦੇਸੀ ਰਿਆਸਤਾਂ ਅਤੇ ਕਾਬੁਲ, ਨੇਪਾਲ ਅਤੇ ਰੂਸ ਵਰਗੇ ਮੁਲਕਾਂ ਨਾਲ ਕੂਟਨੀਤਿਕ ਸੰਬੰਧ ਕਾਇਮ ਕਰਨ ਅਤੇ ਦੇਸੀ ਰਿਆਸਤਾਂ ਜਾਂ ਵਿਦੇਸ਼ੀ ਸਰਕਾਰਾਂ ਦੀ ਮਦਦ ਨਾਲ ਫ਼ਰੰਗੀਆਂ ਦਾ ਤਖਤ ਪਲਟਾ ਸਕਣ ਦੇ ਸੰਕੇਤ ਵੀ ਮਿਲਦੇ ਹਨ:

ਸਤਿਗੁਰੂ ਬੋਲੇ ਮੁਖ ਥੀਂ ਬੈਣ,
ਘਲੇ ਸ਼ਹੀਦ ਰੂਸ ਨੂੰ ਲੈਣ,
ਉਹਦੇ ਜਾਇ ਪਲੰਘ ਤੇ ਬੈਹਣ,
ਫੜ ਸਲੋਤਰ ਮਾਰਨ ਪੈਣ,
ਲਿਖੇ ਹੁਕਮ ਨਾਮੇ ਹਥ ਦੇਣ, ਆਪ ਅਕਾਲ ਦੇ।[15]

ਸੈਨਿਕ ਜੀਵਨ ਦਾ ਤਜ਼ਰਬਾ ਹੋਣ ਕਰਕੇ ਸਤਿਗੁਰੂ ਰਾਮ ਸਿੰਘ ਨੇ ਕੁਝ ਕੂਕਿਆਂ ਨੂੰ ਹੀਰਾ ਸਿੰਘ ਸਢੌਰਾ ਤੇ ਤਾਰਾ ਸਿੰਘ ਮਿਸਰੀ ਮਿਆਣੀ ਦੀ ਅਗਵਾਈ 'ਚ ਕਸ਼ਮੀਰ ਰਜਮੈਂਟ ਵਿਚ ਭਰਤੀ ਕਰਵਾਇਆ। ਅੰਗਰੇਜ਼ ਹਾਕਮਾਂ ਨੇ ਦਬਾਉ ਪਾ ਕੇ ਇਹ ਰਜਮੈਂਟ ਹੀ ਤੁੜਵਾ ਦਿੱਤੀ। ਸੂਬਾ ਗੁਰਚਰਨ ਸਿੰਘ ਤੇ ਬਨਾਰਸੀ ਬਾਬੂ ਰੂਸ ਦੀ ਸਰਕਾਰ ਨਾਲ ਸੰਪਰਕ ਵਿਚ ਸਨ। ਨਾਮਧਾਰੀਆਂ ਵਿਚ ਇਹ ਵਿਸ਼ਵਾਸ਼ ਪ੍ਰਚੱਲਿਤ ਸੀ ਕਿ ਰੂਸ ਭਾਰਤ ਤੇ ਹਮਲਾ ਕਰਕੇ ਪੰਜਾਬ ਨੂੰ ਅਜ਼ਾਦ ਕਰਵਾਏਗਾ। ਰੂਸ ਦੀ ਸਹਾਇਤਾ ਨਾਲ ਪੰਜਾਬ ਨੂੰ ਅੰਗਰੇਜ਼ੀ ਸਰਕਾਰ ਤੋਂ ਮੁਕਤ ਕਰਵਾਉਣ ਲਈ ਕੀਤੀ ਯੋਜਨਾਬੰਦੀ ਤੇ ਮਹਾਰਾਜਾ ਦਲੀਪ ਸਿੰਘ ਦੀ ਦਾ ਜ਼ਿਕਰ ਵੀ ਚੰਦਾ ਸਿੰਘ ਝੱਬਰ ਦੀ ਰਚਨਾ ਚ ਮਿਲਦਾ ਹੈ:

ਜਦੋਂ ਰੂਸ ਕਚਹਿਰੀ ਆਇਆ,
ਪਾਸ ਸੱਦ ਵਜ਼ੀਰ ਬਹਾਇਆ,
ਰਾਤੀਂ ਨਜ਼ਰ ਖਾਲਸਾ ਆਇਆ,
ਉਸਨੇ ਭਵਜਲ ਬੁਰਾ ਦਿਖਾਇਆ,
ਮੁਖ ਥੀਂ ਕਰੜਾ ਬਚਨ ਸੁਣਾਇਆ, ਚੜ੍ਹੋ ਲਾਹੌਰ ਤੇ।[16]
-ਫੌਜਾਂ ਚੜ੍ਹ ਰੂਸ ਦੀਆਂ ਧਾਈਆਂ,
ਫਿਰ ਗਈਆਂ ਨੰਦਨ ਵਿਚ ਦੁਹਾਈਆਂ,
ਓਧਰੋਂ ਗੋਰੇ ਕਰਦੇ ਧਾਈਆਂ,
ਦਿਨੋ ਦਿਨ ਹੋਸਨ ਬਹੁਤ ਲੜਾਈਆਂ,
ਮਰਸਨ ਬੇਟੇ ਜਾਏ ਮਾਈਆਂ,
ਬਹਿ ਬਹਿ ਰੋਵਨ ਧੀਆਂ ਪਰਾਈਆਂ, ਪੱਲੂ ਪਾਇਕੇ।[17]
-ਜਦ ਰੂਸ ਪੰਜਾਬੇ ਆਵੈ,
ਪਵੇ ਕਾਲ ਮੁਲਖ ਰੁਲ ਜਾਵੈ,
ਦੁਨੀਆਂ ਮਰੇ ਅੰਨ ਕੇ ਹਾਵੈ,
ਠਗ ਚੋਰ ਬਹੁ ਲੁਟ ਲੁਟ ਖਾਵੈ,
ਬਚੇ ਸੋ ਜੋ ਗੁਰ ਸਰਨੀ ਆਵੈ,
ਇਕ ਮਨ ਹੋਇ ਕੇ ਨਾਮ ਧਿਆਵੈ, ਓਸ ਅਕਾਲ ਦਾ।[18]

ਇਸ ਪ੍ਰਕਾਰ ਚੰਦਾ ਸਿੰਘ ਝੱਬਰ ਦੇ ਬਾਰਾਂਮਾਹ ਵਿਚ ਮਿਲਦੇ ਹਵਾਲੇ ਬਸਤੀਕਾਰਾਂ ਦੇ ਸ਼ਾਸ਼ਨ ਕਾਲ ਵੇਲੇ ਦੀ ਰਾਜਸੀ ਤਸਵੀਰ ਪੂਰੀ ਤਰ੍ਹਾਂ ਸਾਫ ਕਰ ਦਿੰਦੇ ਹਨ। ਉਸ ਵੇਲੇ ਦੀ ਬਰਤਾਨਵੀ ਬਸਤੀਵਾਦੀ ਹਕੂਮਤ ਵੱਲੋਂ ਕੂਕਿਆਂ ਉਪਰ ਲੱਗੀਆਂ ਸਰਕਾਰੀ ਤੌਰ ਤੇ ਪਾਬੰਦੀਆਂ ਦੀ ਰੱਤੀ ਭਰ ਵੀ ਪਰਵਾਹ ਨਾ ਕਰਦਿਆਂ ਇਸ ਕਵੀ ਨੇ ਨਿਧੜਕ ਹੋ ਕੇ ਬਾਰਾਂਮਾਹ ਦੀ ਰਚਨਾ ਕੀਤੀ, ਜੋ ਕਿ ਬਸਤੀਕਾਰਾਂ ਦੇ ਵਿਰੁੱਧ ਨਾਮਧਾਰੀਆਂ ਵੱਲੋਂ ਹੁੰਦੀਆਂ ਰਹੀਆਂ ਲਗਾਤਾਰ ਕਾਰਵਾਈਆਂ ਬਾਰੇ ਜਾਣਕਾਰੀ ਦੇਣ ਵਾਲੇ ਅਹਿਮ ਦਸਤਾਵੇਜ਼ ਦੇ ਤੌਰ ਤੇ ਮੌਜੂਦ ਹੈ। "ਇਹ ਬਾਰਾਂਮਾਹ ਉਦੋਂ ਲਿਖਿਆ ਗਿਆ ਜਦੋਂ ਪੰਜਾਬ ਦੇ ਹੋਰ ਕਵੀ ਅੰਗਰੇਜ਼ ਰਾਜ ਬਾਰੇ ਚੁੱਪ ਸਨ ਜਾਂ ਉਹਦੀ ਉਸਤਤਿ ਕਰ ਰਹੇ ਸਨ। ਇਸ ਦਾ ਇਤਿਹਾਸਕ ਮਹੱਤਤਵ ਨਿਰਵਿਵਾਦ ਹੈ।"[19]

**ਹਵਾਲੇ:**

1. ਡਾ. ਸੁਖਦੇਵ ਸਿੰਘ, "ਸੰਪਾਦਕੀ", ਕੂਕਾ ਅੰਦੋਲਨ ਸਮਾਜ-ਸਭਿਆਚਾਰਕ ਪਰਿਪੇਖ (ਸੰਪਾ.ਜਸਪਾਲ ਕੌਰ ਕਾਂਗ, ਸੁਖਦੇਵ ਸਿੰਘ), ਪੰਨਾ 12
2. ਉਹੀ, "ਇਤਿਹਾਸਕਾਰੀ ਦੀ ਸਿਆਸਤ ਤੇ ਲੋਕ-ਮੁਖੀ ਇਤਿਹਾਸ (ਪ੍ਰਸੰਗ ਨਾਮਧਾਰੀ ਬਾਰਾਂ-ਮਾਹ)", ਹੁਣ-ਅੰਕ 42, ਮਈ-ਅਗਸਤ 2019, ਪੰਨਾ 97
3. ਉਹੀ, "ਨਾਮਧਾਰੀ ਸਾਹਿਤ ਚਿੰਤਨ ਦੀ ਪ੍ਰਮਾਣਿਕ ਦਸਤਾਵੇਜ਼", ਕੂਕਾ ਲਹਿਰ ਦਾ ਪੰਜਾਬੀ ਸਾਹਿਤ (ਲੇਖਕ-ਸੁਵਰਨ ਸਿੰਘ ਵਿਰਕ) ਪੰਨਾ 20
4. ਤਾਰਾ ਸਿੰਘ ਅਨਜਾਣ (ਸੰਪਾ.), ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨਾ 7
5. ਉਹੀ, ਪੰਨਾ 100
6. ਹਰਿਭਜਨ ਸਿੰਘ, ਉਨੀਵੀਂ ਸਦੀ ਦਾ ਚੋਣਵਾ ਪੰਜਾਬੀ ਸਾਹਿਤ, ਪੰਨੇ 522-23
7. ਡਾ.ਸੁਖਦੇਵ ਸਿੰਘ, ਉਹੀ, ਪੰਨਾ 104
8. ਜਸਵਿੰਦਰ ਸਿੰਘ, ਉਦਰਿਤ, ਹਰਿਭਜਨ ਸਿੰਘ "ਚੰਦਾ ਸਿੰਘ: ਬਾਰਾਮਾਂਹ", ਉਹੀ, ਪੰਨਾ 521
9. ਸੁਵਰਨ ਸਿੰਘ ਵਿਰਕ, ਉਹੀ, ਪੰਨੇ 100-101
10. ਡਾ.ਗੁਰਦੇਵ ਸਿੰਘ ਸਿੱਧੂ, "ਬਾਰਾਮਾਂਹ ਚੰਦਾ ਸਿੰਘ ਨਾਮਧਾਰੀ: ਵਿਦਰੋਹੀ ਸੁਰ", ਕੂਕਾ ਅੰਦੋਲਨ-ਸਮਾਜ ਸਭਿਆਚਾਰ ਪਰਿਪੇਖ (ਸੰਪਾ. ਜਸਪਾਲ ਕੌਰ, ਸੁਖਦੇਵ ਸਿੰਘ), ਪੰਨਾ 116
11. ਸੁਵਰਨ ਸਿੰਘ ਵਿਰਕ, ਉਹੀ, ਪੰਨਾ,101
12. ਸੀ. ਐਲ. ਟੱਪਰ, ਉਦਰਿਤ, ਡਾ. ਸੁਖਦੇਵ ਸਿੰਘ, ਉਹੀ, ਪੰਨਾ 104
13. ਤਾਰਾ ਸਿੰਘ ਅਣਜਾਨ, ਉਹੀ, ਪੰਨੇ 22-23
14. ਉਹੀ, ਪੰਨੇ 32-33
15. ਉਹੀ, ਪੰਨਾ 43
16. ਉਹੀ ਪੰਨਾ 44
17. ਉਹੀ, ਪੰਨਾ 45
18. ਉਹੀ, ਪੰਨਾ 46
19. ਹਰਿਭਜਨ ਸਿੰਘ, ਉਹੀ, ਪੰਨਾ 523

..............................................

## ਗ਼ਜ਼ਲ

**ਤ੍ਰੈਲੋਚਨ ਲੋਚੀ**
**ਨੰ. 98142 53315**

ਕਿਓਂ ਉਜਾੜਾ ਕਰ ਰਹੇ ਹੋ, ਮਹਿਕਦੇ ਗੁਲਜ਼ਾਰ ਦਾ।
ਵਿਹੜਿਆਂ ਵਿਚਕਾਰ ਦੱਸੋ? ਕੰਮ ਕੀ ਦੀਵਾਰ ਦਾ।

ਤੂੰ ਕਵੀ ਹੈਂ, ਸੱਚ ਦਾ ਤੂੰ ਹੀ ਤਾਂ ਪਹਿਰੇਦਾਰ ਹੈਂ ,
ਭੁੱਲਕੇ ਮੋਹਰਾ ਨਾ ਬਣ ਬੈਠੀਂ, ਕਿਸੇ ਦਰਬਾਰ ਦਾ।

ਉਹ ਤਾਂ ਤੇਰੇ ਸ਼ਬਦ ਸੀ, ਅੰਬਰ 'ਚ ਉੱਡੇ ਇਸ ਤਰ੍ਹਾਂ,
ਪੈ ਗਿਆ ਸਾਨੂੰ ਭੁਲੇਖਾ, ਪੰਛੀਆਂ ਦੀ ਡਾਰ ਦਾ।

ਲਾਜ਼ਮੀ ਉਸਨੂੰ ਮੁਹੱਬਤ ਦਾ, ਪਤਾ ਹੈ ਮਿਲ ਗਿਆ,
ਬਿਨ ਵਜ੍ਹਾ ਨਈਂ ਪਾਣੀਆਂ 'ਤੇ, ਫੁੱਲ ਸੂਹੇ ਤਾਰਦਾ।

ਬੀਤਿਆ ਜੋ ਵਕਤ ਲੋਚੀ, ਬਹੁਤ ਪਿੱਛੇ ਰਹਿ ਗਿਆ,
ਸੁਪਨਿਆਂ ਵਿੱਚ ਫੇਰ ਵੀ ਇਹ, ਕੌਣ ਹਾਕਾਂ ਮਾਰਦਾ।

## ਦੋਹੇ

ਮਨ ਮਸਤਕ ਵਿੱਚ ਕਾਲਖਾਂ, ਮੂੰਹ ਦੇ ਵਿੱਚ ਸਲੋਕ।
ਦੋਧੇ ਵਸਤਰ ਪਹਿਨ ਕੇ, ਕਿੱਧਰ ਚੱਲੇ ਲੋਕ।

ਦੋ ਭਾਈਆਂ ਦੀਆਂ ਕੋਠੀਆਂ, ਪਰ ਅੰਦਰ ਇੱਕ ਹੂਕ,
ਮਾਂ ਪੁੱਤਰਾਂ ਨੂੰ ਪੁੱਛਦੀ, ਕਿੱਥੇ ਮੇਰਾ ਸੰਦੂਕ।


ਕਿੱਥੋਂ ਕਲਯੁਗ ਆ ਗਿਆ, ਰਿਸ਼ਤੇ ਤਾਰੋ ਤਾਰ ,
ਬੇਬੇ ਬਾਪੂ ਸੋਚਦੇ, ਚੱਲੀਏ ਹਰੀਦੁਆਰ।

ਵਾਹ ਓਏ ਦੇਸ ਦੁਆਬਿਆ, ਕਿੱਥੇ ਤੇਰੀ ਸ਼ਾਨ ,
ਪੁਤ ਪ੍ਰਦੇਸੀ ਹੋ ਗਏ, ਸੁੰਨੇ ਪਏ ਮਕਾਨ।

ਸੱਚਿਆਂ ਬੰਦਿਆਂ ਵਾਸਤੇ, ਚਾਰੇ ਬੂਹੇ ਬੰਦ ,
ਨਾਨਕ ਦੇ ਦਰ ਲੋਚੀਆ, ਟੱਪਦੇ ਫਿਰਨ ਮਸੰਦ।

..............................................

# ਬੀਤੇ ਦੀਆਂ ਪੈੜਾਂ



**(ਅਣਛਪਿਆ–ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

10 ਮਿੰਟ ਪਿੱਛੋਂ ਜਾਂ ਅੰਦਰੋਂ ਬਾਹਰ ਆਏ, ਤਾਂ ਸੰਤ ਰਤਨ ਸਿੰਘ ਬਾਂਦਰਾਂ ਦੀ ਖੂਹੀ ਵਾਲੇ ਨੇ ਸ੍ਰੀ ਸਤਿਗੁਰੂ ਜੀ ਦੇ ਪੇਸ਼ ਇੱਕ ਸਿੰਘ ਨੂੰ ਕਰਕੇ, ਮੱਥਾ ਟੇਕ ਕੇ ਟਿਕਾਕੇ ਅਰਜ਼ ਕੀਤੀ : ਮੈਂ ਇਸਨੂੰ ਕਿਹਾ ਹੈ ਜੀ, ਹੋਰ ਕੁਛ ਨਹੀਂ ਤਾਂ ਦਰਸ਼ਨ ਕਰਕੇ ਤੇਰਾ ਜਨਮ ਤਾਂ ਸੌਰ ਹੀ ਜਾਵੇਗਾ। ਸ੍ਰੀ ਸਤਿਗੁਰੂ ਜੀ ਨੂੰ ਰਤਨ ਸਿੰਘ ਦੇ ਕਾਰਜ ਤੇ ਤਸੱਲੀ ਸੀ। ਵਿਚਲੀ ਗੱਲ ਦਾ ਮੈਨੂੰ ਨਹੀਂ ਪਤਾ ਲੱਗਾ।

**ਗੁਰਤੇਜ ਸਿੰਘ ਨੂੰ ਦੰਦਣ –** ਸ੍ਰੀ ਸਤਿਗੁਰੂ ਜੀ ਉਪਰਲੀ ਛੱਤੇ ਪਧਾਰੇ ਤਾਂ ਪਤਾ ਲੱਗਾ ਆਪ ਦਾ ਸੇਵਕ ਗੁਰਤੇਜ ਸਿੰਘ ਸਵੇਰ ਦਾ ਦੰਦਣ ਨਾਲ ਬੇਹੋਸ਼ ਪਿਆ ਹੈ। ਕੱਲ੍ਹ ਮੈਨੂੰ ਉਹ ਚੰਗਾ ਭਲਾ ਮਿਲਿਆ ਸੀ। ਉਸ ਨੂੰ ਕੀ ਹੋ ਗਿਆ। ਥੋੜ੍ਹੀ ਜਿਹੀ ਭਿਣਕ ਪਈ ਸੀ ਕਿ ਉਸਦਾ ਸਾਰਾ ਸਿਰ ਚਕਰਾਂਦਾ ਰਿਹਾ ਹੈ। ਰਾਤੀਂ ਵੀ ਇੱਕ ਵਾਰ ਬੇਸੁਰਤ ਹੋ ਗਿਆ ਸੀ। ਸਤਿਗੁਰੂ ਜੀ ਸਕੱਤਰ ਵਾਲੇ ਕਮਰੇ ਵੱਚ ਉਸਦੀ ਸੁਧ ਨੂੰ ਗਏ ਹਨ। ਉਸਦਾ ਸਾਰਾ ਪਰਵਾਰ ਇਸੇ ਕਮਰੇ ਵਿੱਚ ਹੈ ਕੱਲ੍ਹ ਦਾ।

ਮੈਨੂੰ 5 ਮਿੰਟ ਬਾਅਦ ਹੀ ਪਤਾ ਲੱਗਾ। ਮੈਂ ਗਿਆ ਤਾਂ ਅੰਦਰ ਉਸਦੇ ਮਾਤਾ ਜੀ, ਪਤਨੀ, ਡਾ. ਅਮਰਜੀਤ ਸਿੰਘ ਗੰਗਾ ਨਗਰ, ਬੀਬੀ ਨਰਿੰਦਰ, ਸੰਤ ਤਰਸੇਮ ਸਿੰਘ, ਅਵਤਾਰ ਸਿੰਘ ਘੁੰਮਣ ਆਦਿ ਕੁਝ ਸਰੀਰ ਖਲੋਤੇ ਹੋਏ ਸਨ ਪਰ ਸਤਿਗੁਰੂ ਜੀ? ਸਤਿਗੁਰੂ ਜੀ ਉਨਾਬੀ ਰੰਗ ਦੇ ਲੇਫ ਵਿੱਚ ਲਿਪਟੇ ਪਏ ਸਨ, ਬਸਤਰ ਧੋਣ ਵਾਲੇ ਸਿੱਖ ਦੀ ਛਾਤੀ ਨਾਲ ਛਾਤੀ ਜੋੜੀ ਉਸਦੇ ਮੋਢੇ ਨੂੰ ਪਿਆਰ ਪਲੋਸਣੀ ਦੇ ਰਹੇ ਸਨ। ਨਿਸੱਤਾ ਹੋਇਆ ਗੁਰਤੇਜ ਸਿੰਘ ਆਪਣੇ ਸੁਆਮੀ ਦੇ ਹਸਤ ਕੰਵਲਾਂ ਨੂੰ ਵਾਹ ਲੱਗਦੇ ਜ਼ੋਰ ਨਾਲ ਫੜ੍ਹੀ ਪਿਆ ਸੀ। ਮੈਂ ਕੋਈ ਬੋਲ ਨਹੀਂ ਸੁਣਿਆ ਨਾ ਸਤਿਗੁਰੂ ਜੀ ਦਾ ਨਾ ਉਨ੍ਹਾਂ ਦੇ ਪਿਆਰੇ ਸਿੱਖ ਦਾ। ਪਰ ਇੱਕ ਖਾਮੋਸ਼ੀ ਗੱਲਾਂ ਕਰ ਰਹੀ ਸੀ। ਅਜਿਹਾ ਦ੍ਰਿਸ਼ ਪ੍ਰਾਪਤ ਕਰਨ ਲਈ ਤਾਂ ਸਿੱਖ ਸੌ ਵਾਰ ਢਿੱਲਾ ਹੋਵੇ!

ਸੱਚੇ ਪਾਤਸ਼ਾਹ ਵਿਹਲੇ ਹੋ ਬਾਹਰ ਨਿਕਲੇ ਤਾਂ ਸਾਰੇ ਮੂਕ ਦਰਸ਼ਕ ਵੀ ਸਰਕ ਗਏ। ਏਨੇ ਨੂੰ ਡਾ. ਮੁਸ਼ੱਰਫ ਅਲੀ ਮੂਸਾ ਆ ਗਿਆ। ਉਹ ਸਿੱਧਾ ਗੁਰਤੇਜ ਸਿੰਘ ਦੇ ਕਮਰੇ ਨੂੰ ਗਿਆ।

**ਇੰਪੋਟਰਡ ਖਾਂਸੀ –** ਏਥੇ ਟੈਰੇਸ ਤੇ ਰੇਲਿੰਗ ਦੇ ਆਸਰੇ ਬੈਂਕੋਕ ਦੇ ਧਨਾਢ ਖਲੋਤੇ ਸਨ, ਜਿਨ੍ਹਾਂ ਵਿੱਚ ਪ੍ਰੌਢ ਸੇਠ ਸੁਰਅਮ੍ਰਿਤ ਸਿੰਘ ਭਾਈਵਾਲ ਟ੍ਰੇਡਰਜ਼ ਬੈਂਕ ਵੀ ਮੌਜੂਦ ਸੀ। ਅੰਦਰੋਂ ਸਤਿਗੁਰੂ ਜੀ ਆਏ ਤਾਂ ਸਭ ਦੀ ਨਮਸਕਾਰ ਪਰਵਾਨ ਕੀਤੀ। ਪਤਾ ਨਹੀਂ ਗੱਲ ਕਿਵੇਂ ਹੋਈ, ਸੇਠ ਪਿਆਰਾ ਸਿੰਘ ਬੋਲੇ : ਸੁਰੰਮ੍ਰਿਤ ਸਿੰਘ ਏਸ ਗੱਲੋਂ ਚੰਗਾ ਹੈ ਕਿ ਰੁੱਸਦਾ ਰਸਦਾ ਨਹੀਂ।" ਸੱਚੇ ਪਾਤਸ਼ਾਹ ਜੀ ਨੇ ਟਿੱਪਣੀ ਕੀਤੀ : "ਠੀਕ ਹੈ! ਰੁੱਸਦਾ ਤਾਂ ਨਹੀਂ, ਪਰ ਰਸਦਾ ਵੀ ਕਿਸੇ ਨਾਲ ਨਹੀਂ। ਸੁਰੰਮ੍ਰਿਤ ਸਿੰਘ ਮੁਸਕਰਾ ਪਿਆ, ਉਹ ਸਪਸ਼ਟੀਕਰਨ ਕਿਉਂ ਦੇਵੇ!

ਸਤਿਗੁਰੂ ਜੀ ਫੇਰ ਬਚਨ ਕੀਤਾ : ਸੁਰਅਮ੍ਰਿਤ ਕਹਿੰਦਾ ਸੀ, ਉਹ ਮੈਨੂੰ ਬੈਂਕੋਕ ਲੈ ਜਾਣ ਲਈ ਆਇਆ। ਮੈਂ ਆਖਿਆ, ਵੇਖ ਲੈ ਰੁਝੇਵਿਆਂ ਦਾ ਹਾਲ ਚਾਲ ਜੇ ਵਿਹਲ ਹੈ ਤਾਂ ਤੇਰੇ ਨਾਲ ਚਲੇ ਚੱਲਾਂਗੇ। ਸ੍ਰੀ ਸਤਿਗੁਰੂ ਜੀ ਨੇ ਦੋ ਚਾਰ ਬਚਨਾਂ ਵਿੱਚ ਇੱਕ ਦੋ ਵਾਰ ਖੰਘਿਆ। ਤਾਂ ਸੇਠ ਪਿਆਰਾ ਸਿੰਘ ਹੁਰਾਂ ਕਿਹਾ : "ਖਾਂਸੀ ਬੜੀ ਹੋ ਗਈ ਹੈ ਜੀ!" "ਇੰਪੋਰਟਡ ਹੈ! ਥਾਈਲੈਂਡ ਤੋਂ ਆਈ ਹੈ।" ਕਹਿ ਕੇ ਸਤਿਗੁਰੂ ਜੀ ਨੇ ਗੱਲ ਮੁਕਾਈ। ਹੰਸਪਾਲ ਜੀ ਹੁਣ ਚਲੇ ਗਏ ਨੇ, ਫਿਰ ਬੈਠਾਂਗੇ ਕਿਸੇ ਵੇਲੇ।

ਲਾਲ ਜੀ ਸੰਤੋਖ ਸਿੰਘ ਨੂੰ ਫੜਕੇ ਸਤਿਗੁਰੂ ਜੀ ਅੰਦਰ, ਸੁਰਿੰਦਰ ਸਿੰਘ ਮਨਚੰਦਾ ਨੂੰ ਫ਼ੋਨ ਕਰਨ ਵਾਸਤੇ ਲੈ ਗਏ।

ਗੁਰਤੇਜ ਸਿੰਘ ਦੇ ਛੋਟੇ ਭਾਈ ਮਹਿੰਦਰ ਸਿੰਘ ਜੌੜਕੀਆਂ ਨੂੰ ਬੁਲਾ ਲਿਆ। ਇਸਦਾ ਕੋਈ ਕੰਮ ਸੁਰਿੰਦਰ ਨੂੰ ਕਹਿ ਕੇ ਕਰਵਾਣਾ ਹੈ।

**ਤਰਸੇਮ ਸਿੰਘ ਨੇ ਦੱਸਿਆ –** ਮੈਂ ਸੰਤ ਤਰਸੇਮ ਸਿੰਘ ਨੂੰ ਫੜ ਲਿਆ, ਸਤਿਗੁਰਾਂ ਦੀ ਅੱਜ ਸਵੇਰ ਦੀ ਵਿਅਸਸਤਾ ਜਾਣਨ ਲਈ। ਤਰਸੇਮ ਸਿੰਘ ਨੇ ਦੱਸਿਆ : ਰਮੇਸ਼ ਨਗਰ ਧਰਮਸਾਲਾ ਵਿੱਚ ਆਸਾ ਦੀ ਵਾਰ ਸਮੇਂ ਦਰਸ਼ਨ ਦੇਣ ਉਪਰੰਤ ਸੰਤ ਦਲੀਪ ਸਿੰਘ ਪੰਨਵ ਦੇ ਘਰ ਅਖੰਡ ਪਾਠ ਦੇ ਭੋਗ ਸਮੇਂ ਸਤਿਗੁਰੂ ਜੀ ਨੇ ਸਮਾਂ ਦਿੱਤਾ, ਪੰਨਵ ਪਰਵਾਰ ਨੂੰ ਨਿਵਾਜ਼ਿਆ। ਇਹ ਖਾਨਦਾਨ ਪਿੱਛੋਂ ਸ਼ਹੀਦ ਲਹਿਣਾ ਸਿੰਘ ਅੰਮ੍ਰਿਤਸਰੀ ਨਾਲ ਜਾ ਮਿਲਦਾ ਹੈ। ਕੱਲ੍ਹ, ਮੈਂ ਸ. ਦਲੀਪ ਸਿੰਘ ਦੇ ਵੱਡੇ ਲੜਕੇ ਨੂੰ 20 ਕਿਲੋ ਆਟੇ ਦਾ ਬੈਗ ਕੋਠੀ ਲੰਗਰ ਵਿੱਚ ਦਿੰਦਿਆ ਵੇਖਿਆ ਸੀ। ਭਾਵ ਅੱਜ ਦਾ ਕੋਠੀ ਵਿੱਚ ਲੰਗਰ ਸੰਤ ਦਲੀਪ ਸਿੰਘ ਪੰਨਵ ਵਲੋਂ ਹੈ।

ਤਰਸੇਮ ਸਿੰਘ ਨੇ ਅੱਗੇ ਦੱਸਿਆ ਕਿ ਏਥੋਂ ਸੱਚੇ ਪਾਤਸ਼ਾਹ ਭ-4/210 ਸਫਦਰ ਜੰਗ ਪਧਾਰੇ, ਜਿੱਥੇ ਇੱਕ ਸੇਵਕਾ ਬੀਬੀ ਸ਼ਾਂਤੀ ਸੁਪਤਨੀ ਸ. ਅਵਤਾਰ ਸਿੰਘ, ਸੰਤ ਮੰਗਲ ਸਿੰਘ ਚੰਡੀਗੜ੍ਹ ਦੀ ਭੈਣ ਨੂੰ ਦਰਸ਼ਨ ਦੇ ਕਿਰਤਾਰਥ ਕੀਤਾ। ਉਪਰੰਤ ਫਰੈਂਡਜ਼ ਕਾਲੋਨੀ ਦੀ ਬੀਬੀ ਬਲਵੰਤ ਕੌਰ ਫੌਜਣ ਦੇ ਨਿਵਾਸ ਤੇ ਚਰਨ ਪਾਏ। ਇਸਨੂੰ ਨਿਵਾਜ, ਓਖਲੇ ਜਾ ਸ. ਜਸਵੰਤ ਸਿੰਘ ਦੇ ਘਰ ਉਸਦੀ ਲੜਕੀ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਬੀਬੀ ਦਾ, ਪਿਛਲੇ ਦਿਨੀਂ ਹੀ ਨੱਕ ਦਾ ਗੰਭੀਰ ਉਪਰੇਸ਼ਨ ਹੋਇਆ ਸੀ। ਬੀਬੀ ਬਹੁਤ ਯਾਦ ਕਰ ਰਹੀ ਸੀ।

**ਸ. ਵਿਸ਼ੇਸ਼ਰ ਸਿੰਘ ਬੱਲ੍ਹੋ ਜੀ ਨੂੰ ਦਰਸ਼ਨ –** 9.30 ਵਜੇ ਤੱਕ ਅਰਬਿੰਦੂ ਰੋਡ, ਨਵੀਂ ਦਿੱਲੀ-16 ਤੇ ਆਜ਼ਾਦ ਅਪਾਰਟਮੈਂਟਾਂ ਵਿੱਚ ਬੀ-4/74, ਸੱਤਵੀਂ ਛੱਤੇ ਆਪਣੇ ਚਾਚਾ ਜੀ ਮਹਾਰਾਜ ਨਿਹਾਲ ਸਿੰਘ ਜੀ ਦੇ ਛੋਟੇ ਪੁੱਤ ਭਰਾ ਸ. ਵਿਸ਼ੇਸ਼ਰ ਸਿੰਘ-ਬੀਬੀ ਬਲਜੀਤ ਕੌਰ ਦੇ ਨਵ-ਗ੍ਰਹਿ ਵਿੱਚ ਦਰਸ਼ਨ ਦੇ ਕੇ ਸਤਿਗੁਰੂ ਜੀ ਨੇ ਪਰਵਾਰ ਜਨਾਂ ਨੂੰ ਖੁਸ਼ੀਆਂ ਬਖ਼ਸ਼ੀਆਂ। ਨਵ-ਗ੍ਰਹਿ ਪ੍ਰਵੇਸ਼ ਨੂੰ ਸਫਲ ਕੀਤਾ। ਇਹ ਫਲੈਟ ਉਨ੍ਹਾਂ ਨੇ ਖਰੀਦ ਲਿਆ ਹੈ, ਸਤਿਗੁਰੂ ਜੀ ਨੇ ਆਪਣਾ ਉਹ ਬਚਨ ਪੂਰਾ ਕਰ ਵਖਾਇਆ ਹੈ, ਜਿਸ ਅਨੁਸਾਰ ਆਪ ਜੀ ਬਲਜੀਤ ਕੌਰ ਦੇ ਪਿਆਰ, ਵਿਸ਼ਵਾਸ ਅਤੇ ਸੇਵਾ ਭਾਵਨਾ ਨੂੰ ਨਿਜ-ਘਰ ਦਾ ਫਲ ਲਗਾਣਾ ਚਾਹੁੰਦੇ ਸਨ।

ਅੱਜ ਆਪ ਜੀ ਰੱਜ ਕੇ ਏਥੇ ਸਮਾਂ ਦਿੱਤਾ। ਬੱਲ੍ਹੋ ਜੀ, ਬਲਜੀਤ ਤੇ ਬੱਚਿਆਂ ਨਾਲ ਸਨੇਹ ਪੂਰਨ ਬਚਨ ਕੀਤੇ। ਸੋਧ ਦਾ ਲੰਗਰ ਤਿਆਰ ਕਰਵਾਕੇ ਨਾਲ ਲੈ ਲਿਆ ਹੋਇਆ ਸੀ, ਏਥੇ ਖੂਹੀ ਦਾ ਜਲ ਨਹੀਂ ਸੀ ਪ੍ਰਾਪਤ ਹੋਣਾ, ਸੋ ਕੋਠੀਓਂ ਹਰ ਤਰ੍ਹਾਂ ਦੀ ਤਿਆਰੀ ਕਰਵਾ ਕੇ ਲੰਗਰ ਏਥੇ ਬੈਠ ਕੇ ਛੱਕਿਆ। ਸੇਵਕਾਂ, ਸਰਕਾਰੀ ਅਤੇ ਗੈਰ ਸਰਕਾਰੀ ਅੰਗ ਰੱਖਿਅਕਾਂ ਨੇ ਵੀ ਏਥੇ ਪ੍ਰਸ਼ਾਦ ਛੱਕਿਆ। ਏਥੇ ਇੱਕ ਸਾਧਾਰਨ ਪਾਠ ਦਾ ਭੋਗ ਵੀ ਪਾਇਆ ਗਿਆ।

ਖੁਸ਼ੀਆਂ ਦੀ ਵਰਖਾ ਕਰਕੇ, ਏਥੋਂ ਵਾਪਸ ਹੋਏ ਤਾਂ ਆਪਣੇ ਪਰਮ ਸੇਵਕ ਸ. ਗੁਰਚਰਨ ਸਿੰਘ ਡੀ. ਆਈ. ਜੀ. ਚੇਅਰਮੈਨ ਕੋਲ ਉਸ ਦੀ ਕੋਠੀ ਨੂੰ ਆ ਭਾਗ ਲਾਏ। ਹਮਾਯੂੰ ਰੋਡ ਤੇ ਛ-1/8 ਕੋਠੀ ਵਿੱਚ 10 ਮਿੰਟ ਬੈਠ, ਜੀਵਨ ਨਗਰ ਵਿੱਚ ਲਾਲ ਕੋਠੀ ਵਾਲੇ ਸੰਧੂ ਪਰਵਾਰ ਨੂੰ ਖੁਸ਼ੀਆਂ ਬਖ਼ਸ਼ੀਆਂ ਅਤੇ ਇਸ ਜਗਹ ਤੋਂ ਸਿੱਧੇ ਪੂਸਾ ਰੋਡ ਕੋਠੀ ਵਿਖੇ ਆ ਦਰਸ਼ਨ ਦਿੱਤੇ।

**ਸਕੱਤਰ ਦਾ ਕਥਨ –** ਸੰਤ ਤਰਸੇਮ ਸਿੰਘ ਨੇ ਉਪਰਲੇ ਆਉਣ-ਜਾਣ ਬਾਰੇ ਦੱਸ ਕੇ, ਵਰਤਮਾਨ ਨਜੁਮੋ ਨਸਕ ਨੂੰ ਧਿਆਨ ਵਿੱਚ ਲਿਆ ਮੈਨੂੰ ਆਖਿਆ : ਧੰਨ ਹਨ ਸਤਿਗੁਰੂ ਜਿਹੜੇ ਹਰੇਕ ਨੂੰ ਥਾਂ ਸਿਰ ਰੱਖਦੇ ਹਨ। ਵਡੱਪਣ ਜਾਂ ਹਉਂ ਜਾਂ ਹਉਂ ਦੀ ਸਭ ਪਾਸੇ ਏਨੀ ਪ੍ਰਬਲ ਇੱਛਾ ਸੀ ਕਿ ਮੇਰੇ ਅਤੇ ਤੁਹਾਡੇ ਜਿਹਿਆਂ ਨੂੰ ਕਈ ਹਾਥੀ ਲਿਤਾੜ ਕੇ ਲੰਘ ਜਾਣ, ਪਰ ਸਤਿਗੁਰੂ ਜੀ ਦੀ ਕਿਰਪਾ ਨਾਲ ਮੇਰੇ ਵਰਗੇ ਮਾੜੇ ਬੰਦੇ ਤੋਂ ਵੀ ਚੌਧਰੀਆਂ ਨੂੰ ਪੁੱਛਣਾ ਪੈਂਦਾ ਹੈ ਕੁਛ ਨ ਕੁਛ ਅਤੇ ਏਸੇ ਸੁਰ ਵਿੱਚ ਹੋਰ ਵੀ ਬਹੁਤ ਕੁਝ ਸੁਣਨ ਕਰਨ ਨੂੰ ਮਿਲਿਆ।

**ਪੰਡਤ ਜੀ ਦੀ ਸਿਹਤ –** ਅੱਜ ਇਹ ਵੀ ਪਤਾ ਲੱਗਾ ਕਿ ਗੁਰੂ ਕਿਆਂ ਵਲੋਂ ਪੰ. ਗੋਪਾਲ ਸਿੰਘ ਦੀ ਕਮਜ਼ੋਰ ਸਿਹਤ ਨੂੰ ਮੁੱਖ ਰੱਖਦਿਆਂ ਇਕ ਅੱਛੇ ਹਸਪਤਾਲ ਵਿੱਚ ਦਾਖਲ ਕਰਵਾ ਕੇ ਸਾਰੀ ਚੈੱਕਅੱਪ ਕਰਵਾਈ ਜਾਵੇਗੀ ਪਰ ਜਦੋਂ ਮੈਂ ਸ਼ਾਮ ਦੇ ਦੀਵਾਨ ਵਿੱਚ ਰਮੇਸ਼ ਨਗਰ ਨਾਮਧਾਰੀ ਧਰਮਸਾਲਾ ਵਿੱਚ ਪੁੱਜਾ ਤਾਂ ਪੰਡਤ ਜੀ ਅਤੇ ਗੁਰਭੇਜ ਸਿੰਘ ਝੁੰਬ ਮਾਰੀ ਬੈਠੇ ਨਾਮ ਸਿਮਰਨ ਕਰ ਰਹੇ ਸਨ।

**ਲਵਲੀ ਫੈਕਟਰੀ –** ਪ੍ਰੀਤਮ ਸਿੰਘ ਪੰਛੀ, ਗੁਰਦੇਵ ਸਿੰਘ, ਹਰਭਜਨ ਸਿੰਘ ਪਾਸ ਬੈਠਿਆਂ ਇਹ ਵੀ ਮਾਮੂਲ ਹੋਇਆ ਕਿ ਉਨ੍ਹਾਂ ਨੂੰ ਅਮੋਲਕ ਸਿੰਘ ਰਾਹੀਂ ਪਤਾ ਲੱਗਾ ਹੈ ਕਿ ਬਿਨਾ ਹੰਸਪਾਲ ਜੀ ਦੀ ਪਾਰਟਨਰਸ਼ਿਪ ਤੋਂ ਸ. ਸੁਰਿੰਦਰ ਸਿੰਘ

ਮਨਚੰਦਾ ਨੇ ਪੀਰਾਗੜ੍ਹੀ ਰਿੰਗ ਰੋਡ (ਆਊਟਰ) ਪਾਸ ਇੱਕ ਨਵੀਂ ਬਿਸਕੁਟ ਫੈਕਟਰੀ ਖਰੀਦੀ ਹੈ, ਜਿਸਦਾ ਨਾਮ ਲਵਲੀ ਬਿਸਕੁਟ ਹੈ।

**ਲਾਇਲਪੁਰੀ ਦੀ ਯਾਦ –** ਨਾਮ ਸਿਮਰਨ, ਗੁਰੂ ਕੀ ਹਜ਼ੂਰੀ ਵਿੱਚ, ਅੱਜ ਇੱਕ ਪਾਠ ਦਾ ਭੋਗ ਮੇਰੇ ਮਿੱਤਰ ਸੰਤ ਮੰਗਲ ਸਿੰਘ ਲਾਇਲਪੁਰੀ ਦੀ ਯਾਦ ਨਮਿਤ ਪਾਇਆ ਗਿਆ। ਇਹ ਭੋਗ ਸੰਤ ਲਾਇਲਪੁਰੀ ਦੀ ਪਤਨੀ ਬੀਬੀ ਭਾਗਵੰਤੀ ਵਲੋਂ ਪੁਆਇਆ ਜਾ ਰਿਹਾ ਹੈ। ਸੰਤਾਂ ਨਮਿਤ ਸਾਧ ਸੰਗਤ ਦਾ ਲੰਗਰ ਕਰਨ ਦੀ ਤਜਵੀਜ ਵੀ ਹੈ।

ਸੰਤ ਮੰਗਲ ਸਿੰਘ ਲਾਇਲਪੁਰੀ ਰਾਜਸੀ ਤੌਰ ਤੇ ਸੁਚੇਤ ਸੰਤ ਨਿਧਾਨ ਸਿੰਘ ਆਲਿਮ ਤੋਂ ਪ੍ਰਭਾਵਤ ਵਿਅਕਤੀ ਸਨ। ਉਹ ਲੰਮਾ ਚਿਰ ਸਤਿਜੁਗ ਦੇ ਸੰਪਾਦਕ ਵੀ ਰਹੇ। ਆਪ ਨਾਮਧਾਰੀਆਂ ਦੇ, ਭਾਰਤ ਵੰਡ ਪਿੱਛੋਂ ਦਿੱਲੀਓਂ ਨਿਕਲਣ ਵਾਲੇ ਰੋਜ਼ਾਨਾ ਅਖਬਾਰ 'ਨਵਾਂ ਹਿੰਦੁਸਤਾਨ' ਦੇ ਸੰਸਥਾਪਕ ਸਨ। ਫਿਰ ਇਹ ਅਖਬਾਰ ਨਾਮਧਾਰੀ ਕੇਂਦਰ ਦੇ ਸਪੁਰਦ ਕੀਤਾ ਗਿਆ, ਜਿਸਦੀ ਸੰਪਾਦਕੀ ਸੰਤਾਂ ਦੇ ਛੋਟੇ ਭਾਈ ਅਮਰ ਭਾਰਤੀ ਦੇ ਹੱਥ ਵਿੱਚ ਰਹੀ। ਇਹ ਅਖਬਾਰ 1966 ਵਿੱਚ ਮਹਾਰਾਜ ਬੀਰ ਸਿੰਘ ਜੀ ਦੇ ਦਬਾਉ ਅਧੀਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸਦੀਵੀਬੰਦੀ ਦੀ ਮਜਬੂਰੀ ਵਿੱਚ ਆ ਗਿਆ।

ਸੰਤ ਮੰਗਲ ਸਿੰਘ ਬੜੇ ਮਿਲਾਪੜੇ, ਸੂਝਵਾਨ, ਕਲਮਕਾਰ ਤੇ ਬੁਲਾਰੇ ਸਨ। ਭਾਰਤ ਵੰਡ ਪਿੱਛੋਂ ਆਪ ਦਿੱਲੀ ਆ ਗਏ। ਇਹਨਾਂ ਦੇ 10 ਬੱਚਿਆਂ ਵਿੱਚ 9 ਹਰੀ ਕਾਇਮ ਹਨ ਅਤੇ ਦਿੱਲੀ ਵਿੱਚ ਮੁਨਾਸਬ ਕਾਰੋਬਾਰਾਂ ਵਾਲੇ ਵਿਆਹੇ ਵਰ੍ਹੇ ਅਤੇ ਅੱਗੇ ਪਰਵਾਰਾਂ ਵਾਲੇ ਹਨ। ਸੰਤ ਆਪ 59 ਸਾਲ ਦੀ ਆਯੂ ਵਿੱਚ ਸਰੀਰ ਤਿਆਗ ਗਏ।

ਸੰਤਾਂ ਦੇ ਪਰਵਾਰ ਨਾਲ ਸੰਬੰਧਤ 10 ਸਰੀਰ ਤਾਂ ਅੱਜ ਵੀ ਦੀਵਾਨ ਵਿੱਚ ਉਪਸਥਿਤ ਹਨ। ਧਰਮਸਾਲਾ ਵਿੱਚ ਹੋਰ ਵੀ ਬਹੁਤ ਰੌਣਕ ਹੈ। ਦੋ ਪਾਠਾਂ ਦੇ ਹੋਰ ਭੋਗ ਪਏ ਇੱਕ ਬੀਬੀ ਜੀਤ ਕੌਰ ਨਮਿਤ, ਜਿਸਨੂੰ ਸੰਤ ਤੇਜਾ ਸਿੰਘ ਕਰਵਾਇਆ ਸੀ, ਦੂਜਾ ਸ. ਤੇਜਪਾਲ ਸਿੰਘ ਨਮਿਤ ਜੋ ਕਿ ਸੰਤ ਦਿਆਲ ਸਿੰਘ-ਗੁਰਮੀਤ ਕੌਰ 1-ਛ/7 ਵਾਲਿਆਂ ਨੇ ਆਪਣੇ ਪੁੱਤਰ ਦੀ ਯਾਦ ਵਿੱਚ ਪਵਾਇਆ।

**ਵਿਦੇਸ਼ੀ ਆਏ –** ਕੀਰਤਨ ਦੀ ਅਰਦਾਸ ਤੋਂ ਪਹਿਲੋਂ ਵਿਦੇਸ਼ਾਂ ਤੋਂ ਆਇਆਂ ਚੋਂ ਸ. ਮਹਿੰਦਰ ਸਿੰਘ ਪਾਲਰੇ ਤਨਜ਼ਾਨੀਆਂ, ਇੰਗਲੈਂਡ ਚੋਂ ਸ. ਅਮਰਜੀਤ ਸਿੰਘ ਭਮਰਾ ਤਾਂ ਸਨ ਹੀ, ਪਰ ਐਨ ਏਸ ਮੌਕੇ ਸ੍ਰੀ ਸਤਿਗੁਰੂ ਜੀ ਦੇ ਪਿਆਰੇ ਤਬਲਾ ਨਿਵਾਜ਼ ਅਵਤਾਰ ਸਿੰਘ ਅੰਮ੍ਰਿਤਸਰੀ ਨੇ ਆ ਮੱਥਾ ਟੇਕਿਆ। ਸਤਿਗੁਰੂ ਜੀ ਨੇ ਸੁਖ ਬਖਸ਼ ਦੇ ਨੇਤਰਾਂ ਨਾਲ ਨਿਹਾਰਿਆ। ਇਸ ਦੇ ਪਿੱਛੇ ਇੰਗਲੈਂਡ ਦੇ ਸ਼ਹਿਰ ਲੈਸਟਰ ਵਿੱਚੋਂ ਆਏ ਸਿਤਾਰ ਵਾਦਕ ਸ. ਧਰਮਵੀਰ ਸਿੰਘ ਅਤੇ ਉਹਦੀ ਪਤਨੀ ਗੁਣਵੰਤ ਆਪਣੇ ਬੱਚੇ ਨਾਲ ਆ ਚਰਨੀਂ ਲੱਗੇ। ਧਰਮਵੀਰ ਸਿੰਘ ਦਾ ਸਹੁਰਾ ਪਰਵਾਰ ਵੀ ਨਾਲ ਸੀ।

ਅਰਦਾਸਾਂ ਹੁੰਦਿਆਂ ਹੀ ਦੀਵਾਨ ਸਜਾਉਣ ਵਾਲੇ ਅਤੇ ਹੋਰ ਕਲਾਕਾਰਾਂ ਨੂੰ ਸਤਿਗੁਰੂ ਜੀ ਨੇ ਸੰਤ ਦਿਆਲ ਸਿੰਘ ਜੀ ਦੇ ਘਰ ਜਲ ਪਾਣੀ ਛੱਕਣ ਵਾਸਤੇ ਚੱਲਣ ਲਈ ਆਦੇਸ਼ ਦਿੱਤਾ।

ਪੰਡਿਤ ਜੀ ਨੂੰ ਹਾਲ ਚਾਲ ਪੁੱਛਿਆ ਤਾਂ ਉਨ੍ਹਾਂ ਕਿਹਾ : ਹਸਪਤਾਲੋਂ ਚੈੱਕਅੱਪ ਤਾਂ ਹੋ ਗਈ ਹੈ ਪਰ ਡਾਕਟਰਾਂ ਨੇ ਕਿਹਾ ਹੈ ਕਿ 10 ਦਿਨ ਦਿੱਲੀ ਵਿੱਚ ਹੋਰ ਰਹਿ ਕੇ ਹਰ ਤਰ੍ਹਾਂ ਦੇ ਟੈਸਟ ਕਰਵਾ ਲਓ। ਸਤਿਗੁਰਾਂ ਤੋਂ ਆਗਿਆ ਮਿਲ ਗਈ ਹੈ। ਕੜਾਹ ਪ੍ਰਸ਼ਾਦ ਦੇ ਗੱਫੇ ਲੈ ਕੇ ਮੈਂ ਤੇ ਮੇਰੀ ਪਤਨੀ 6.15 ਵਜੇ ਘਰ ਨੂੰ ਤੁਰ ਪਏ।

**4 ਜਨਵਰੀ 1987, ਐਤਵਾਰ**

**ਨਵੀਂ ਦਿੱਲੀ**

**ਅੰਮ੍ਰਿਤ ਵੇਲਾ ਸਚੁ ਨਾਉ –** ਨਾਮਧਾਰੀ ਧਰਮਸਾਲਾ ਰਮੇਸ਼ ਨਗਰ। ਤੜਕੇ 5 ਵਜੇ ਤੋਂ ਆਸਾ ਦੀ ਵਾਰ ਦਾ ਸੁਕੀਰਤਨ। ਕੀਰਤਨਕਾਰ : ਉਸਤਾਦ ਹਰਭਜਨ ਸਿੰਘ, ਬਲਜੀਤ ਸਿੰਘ, ਮੋਹਣ ਸਿੰਘ, ਸੁਖਦੇਵ ਸਿੰਘ, ਹਰਦਿਆਲ ਸਿੰਘ (ਤਬਲਾ), ਸੁਖਦੇਵ ਸਿੰਘ ਸੁੱਖੀ (ਤਬਲਾ)।

ਸ੍ਰੀ ਸਤਿਗੁਰੂ ਜੀ ਦੇ ਪਤਿਤ ਪਾਵਨ ਦਰਸ਼ਨ। ਸਾਧ ਸੰਗਤ ਨਾਲ ਹਾਲ ਤੇ ਧਰਮਸਾਲਾ ਦਾ ਵਿਹੜਾ ਗਹਿਗਚ। 3000 ਦੀ ਹਾਜ਼ਰੀ। ਸਤਿਗੁਰੂ ਜੀ ਦੇ ਤਿੰਨੀਂ ਪਾਸੀਂ ਚੋਣਵੇਂ ਸਿੱਖਾਂ ਦਾ ਸੰਘਣਾ ਘੇਰਾਵ। ਯੂ. ਕੇ. ਤਨਜ਼ਾਨੀਆਂ, ਬੈਂਕੌਕ ਦੇਸਾਂ ਦੇ ਵਿਅਕਤੀ, ਮੰਡੀ (ਹਿਮਾਚਲ), ਡਾਲਟਨਗੰਜ (ਬਿਹਾਰ) ਅਤੇ ਦਿੱਲੀ ਦੀਆਂ ਸਾਰੀਆਂ ਬਸਤੀਆਂ ਦੀ ਸੰਗਤ। ਆਮ ਕਰਕੇ ਸਫੈਦ ਪਹਿਰਾਵਾ। ਵਿਰਲਾ ਟਾਵਾਂ ਕੋਟ ਪੈਂਟ। ਵਾਰ ਦੇ ਕੀਰਤਨ ਵਿੱਚ ਗੁਰੂ ਜੀ ਦੀ ਅਗਵਾਈ। ਦਿਲਰੁਬਾ ਅਤੇ ਤਾਰ ਸ਼ਹਿਨਾਈ ਦਾ ਜੋੜ।

**ਚਲਦਾ....**

# Why food labels showing the exercise needed to burn off calories won't work for everyone



**Justin Roberts**

In an effort to tackle the increasing prevalence of obesity, the UK government has introduced a number of public health strategies over the years, including changes to how we label foods. For example, the "traffic light" colour-coding system, which was introduced in 2013, aims to make it easier for consumers to know whether or not the foods they're eating are healthy for them.

But some critics feel that this kind of labelling may still be difficult for people to fully understand or practically apply, and may not necessarily lead to people choosing healthier food. Given obesity is still on the rise, it's clear current strategies aren't working.

Recently, a team of researchers from Loughborough University proposed a different system of food labelling known as "physical activity calorie equivalent", or Pace. This method illustrates how many minutes of exercise it would take to burn the calories in certain foods and drinks. The researchers showed that this new approach was easier for participants to understand – and may be more likely to help people avoid high-calorie foods.

But while these types of food labels have the benefit of being easier to understand, they could also run the risk of being misleading – and may not work for everyone.

**The benefits**

Alongside being easier to understand, the team from Loughborough also showed in a previous review that using exercise to illustrate the equivalent calories in food and drinks can help people consume fewer calories – around 65 fewer calories every time they ate – compared with other food labelling methods. While this may not sound like much, over time it may help people over-eat less and may also result in them eating fewer high-calorie foods such as fast food.

Other studies have shown that Pace may also help increase physical activity levels somewhat, which could be beneficial for those looking to be more active.

Using exercise to illustrate the calories in food may therefore be a useful tool for consumers as it provides understandable, relatable information that may help them better plan their meals and workouts – potentially leading to healthier food choices while encouraging physical activity, both of

which are key in reducing or preventing obesity.

**The downsides**

While initial findings on exercise-based food labels seem promising, research is still needed in real-world settings and over longer periods of time if it's going to inform future public health policy.

Another clear pitfall of the Pace approach is that it generalises calories burnt. This means that the averages used on labels may not actually be true of how each person burns calories.

A variety of factors – such as the type of exercise you're doing, how 'intensely youre exercising, your age and fitness level – all influence the amount of calories you burn. The way we digest and metabolise foods is also highly individual.

This could mean that general food labels could be deceptive. It's unlikely that the calories estimated to be burnt on the packet will apply to everyone. This could lead to some people eating more or less food than they need.

Another reason the information on these labels could be misleading is that it makes the assumption that all calories consumed are equal. For example, two foods with the same calorie content may have different levels of fibre, fat, sugars or protein.

All of these are metabolised differently, which will influence how our foods are used and stored by our body. Low-fibre, high-sugar, energy-dense foods, for example, have been associated with weight gain compared with healthier options containing a similar number of calories.

Pace labels could also inadvertently encourage people to eat more poor-quality or ultra-processed foods as they may feel they can just exercise to burn those calories off. However, unhealthy, ultra-processed foods can still cause harm to the body, even if the calories in them are used.

Other experts feel that such types of food label will only have a short-term effect in changing food choices. Another concern is that Pace could trigger eating disorders or over-exercise in susceptible populations. It could also lead people to eat less so they can avoid doing the exercise required to burn off additional calories.

**Our view**

Labelling foods and drinks with the amount of exercise needed to burn them off may certainly have some benefits. However, it's clear that a one-size-fits-all approach may be too simplistic when it comes to tackling obesity in a population. This is especially true when considering that every person's diet, activity levels, lifestyle habits and even genetics are different from the next.

As such, strategies for reducing obesity should aim to take a more individualised approach to helping people increase their total daily movement and activity, while also helping them evaluate their eating patterns and portion sizes, as well as choosing better-quality foods.

# A Saga Of
# Sri Satguru Jagjit Singh Ji



**Dr. Sharada Jayagovind**

Satguru Jagjit Singh ji had the gift of making others feel that they were very special to him. He would remember the names of all devotees and address each of them by their name.

Patsha ji's openness and acceptance of people irrespective of their caste, ideology and creed made him great. Swaran Singh Virk, the contemporary Namdhari historian, recalls his bonding with Satguru Jagjit Singh ji.

Virk ji's father, Gurmukh Singh Jhabbar, was the caretaker of Patsha ji when His Holiness was a child. Virk ji, who grew up in Sri Bhaini Sahib, embraced the Communist ideology when he was a youth and became a full time worker of the Communist Party. He kept himself away from Patsha ji, fearing that his Communist ideology may be unacceptable to the Satguru ji. But one day in 1993, Patsha ji sent word to Virk ji to meet him. Virk ji heeded the words of the Satguru.

Patsha ji spoke to Swaran Singh Virk:

"Swaran, so what if you are a Communist? You are our son. Our child. You can remain a Communist and come to your Satguru's house."

Since then, Virk ji re-established his umbilical connection with Sri Bhaini Sahib.

Today, he is actively involved in research on Namdhari history and Kuka Movement. Sri Amar Bharti, the Namdhari scholar, says:

"Satguru Jagjit Singh ji was so open-minded that he could accept people with their beliefs. It was his greatness."

One may wonder what is common to a Communist and a Namdhari Guru. Virk ji answers with conviction:

"Both wish to build a world free of exploitation."

It is this keen desire to create a world free of poverty and injustice, which is the foundation of Namdhari Sant Khalsa and all the Satgurus work towards realizing this dream.

Patsha ji loved to be in touch with people and he was a good communicator.

Before the days of Internet and mobile phones, he would pen letters to people close to him. He would never waste a single minute of his time. Even while travelling he would write letters which would be full of warmth, advice and blessings.

In one such letter written in 1984 to Thakur Uday Singh ji, Patsha ji's love and concern for the welfare of the country and the Namdhari community shows through. The personal touches

make the letter endearing:

Satguru Uday Singh ji recalls:

"In early 1980s when there was no telephone connectivity at Namdhari Farms in Uragahalli, Bidadi, Patsha ji had fixed a particular day and time in the week for us to communicate. We used to go to Bangalore and call Patsha ji, who had instructed us to call him without fail regardless of which part of the world he was in. Patsha ji would enquire about everybody's welfare, give guidance with regard to work and that magical call would fill us with the necessary energy to work hard."

To Patsha ji, very often the telephone became a medium of teaching and learning music. He would pick up the phone at any time of the day or night and call his students to discuss music. Once Patsha ji called Balwant Singh in the middle of the night and asked if he knew a particular composition. When Balwant Singh answered in the negative, Patsha ji remembered that Mohan Singh ji knew it. He called the musician and asked him to teach the composition to Balwant Singh.

Balwant Singh learnt the piece taught to him over the phone and presented it at the Asa di Vaar the following morning as Patsha ji wished.

Patsha ji complimented Balwant Singh by saying:

"You are better than a computer. You have learnt the composition, copied it in your memory and replayed it beautifully."

Many a time the telephone linked Patsha ji to the musicians whom he loved and held in great regard. Once Patsha ji was flying to Bangkok and the aeroplane had the facility of making telephone calls. It was midnight. Patsha ji instructed Harpal Singh, his aide, to call Pandit Shiv Kumar Sharma, the eminent santoor artiste.

Harpal Singh ji suggested that they should call the musician the following morning as it was too late in the night. Patsha ji insisted on speaking to Pandit ji. The call was made and Patsha ji enquired after the health of the musician and blessed him. Such friendly gestures drew people to Satguru ji. Patsha ji regularly called members of the Namdhari sangat who lived abroad and enquired about the activities and welfare of the disciples. He would ask them:

"What is the time now in your country? Is the sangat performing naam simran and jap regularly?"

Even though Patsha ji was an effective communicator, he used speech sparingly. He could transform people through silence. He practised non-violence in thought, speech and deed. Jai Singh, Satguru ji's grandson, recalls that Patsha ji would not scold or beat naughty children. One compassionate look from him was enough to reform the child.

Patsha ji's way of correcting the youth was also exemplary. He used gentle persuasion to influence them to give up their vices, if they had any. He would ask them to stay with him at the dera. His very company, the sattvic food and the spiritual environment at Sri Bhaini Sahib, would have a positive impact on them.

**To be continued......**

# ਸੁੱਚੇ – ਮੋਤੀ

– ਕੁਝ ਲੋਕ ਸੋਚਦੇ ਹਨ ਕਿ ਆਪਣੀ ਜਗ੍ਹਾ ਡਟੇ ਰਹਿਣ ਨਾਲ ਮਜ਼ਬੂਤੀ ਮਿਲਦੀ ਹੈ ਜਦੋਂ ਕਿ ਮਜ਼ਬੂਤੀ ਸਦਾ ਅੱਗੇ ਵਧਣ ਨਾਲ ਮਿਲਦੀ ਹੈ।

**ਮਿਲਵਿਆ ਰਾਬਿਨਸਨ**

– ਸਭ ਤੋਂ ਵੱਧ ਭਾਗਾਂ ਵਾਲਾ ਉਹ ਇਨਸਾਨ ਹੁੰਦਾ ਹੈ ਜਿਹੜਾ ਕੁਝ ਪ੍ਰਾਪਤ ਕਰਨ ਦੀ ਉਮੀਦ ਨਹੀਂ ਕਰਦਾ। ਉਸਨੂੰ ਇਸ ਦਾ ਇਹ ਲਾਭ ਹੁੰਦਾ ਹੈ ਕਿ ਉਹ ਕਦੇ ਵੀ ਨਿਰਾਸ਼ ਨਹੀਂ ਹੁੰਦਾ।

**ਜਨਾਥਨ ਸਾਫਿਸਟ**

ਜਿਸ ਮਨੁੱਖ ਕੋਲ ਆਸ ਹੈ ਉਸ ਮਨੁੱਖ ਪਾਸ ਸਭ ਕੁਝ ਹੈ।

**ਐਗਰਸਨ**

ਕੇਵਲ ਮਨੁੱਖ ਹੀ ਰੋਂਦਾ ਹੋਇਆ ਪੈਦਾ ਹੁੰਦਾ ਹੈ ਸ਼ਿਕਾਇਤਾਂ ਕਰਕੇ ਜਿਊਂਦਾ ਹੈ ਅਤੇ ਨਿਰਾਸ਼ਾ ਵਿੱਚ ਮਰ ਜਾਂਦਾ ਹੈ।

**ਸਵਾਮੀ ਪ੍ਰਮਹੰਸ**

ਸਮਝਦਾਰ ਆਦਮੀ ਹਰ ਗੱਲ ਦੀ ਉਮੀਦ ਆਪਣੇ ਤੋਂ ਰੱਖਦਾ ਹੈ। ਮੂਰਖ ਦੂਜਿਆਂ ਵੱਲ ਦੇਖਦਾ ਰਹਿੰਦਾ ਹੈ।

**ਸਵੇਟ ਮਾਰਟਨ**

ਦੁਖਿਆਰਿਆਂ ਅਤੇ ਜਲਾਦਾਂ ਦੀ ਦੁਨੀਆਂ ਵਿੱਚ ਸੋਚਵਾਨਾ ਦਾ ਫਰਜ਼ ਹੈ ਕਿ ਉਹ ਜਲਾਦਾਂ ਵਾਲੀ ਧਿਰ ਵਿੱਚ ਨਾ ਹੋਣ।

**ਅਲਬਰਟ ਕਾਮੂ**

ਵਿੱਦਵਤਾ ਜੋਰ ਜ਼ਬਰਦਸਤੀ ਨਹੀਂ, ਸੱਚੀ ਸੁੱਚੀ ਦਿਲਚਸਪੀ ਜਗਾ ਕੇ ਪੈਦਾ ਕੀਤੀ ਜਾ ਸਕਦੀ ਹੈ।

**ਐਮਰਸਨ**

ਗਿਆਨੀ ਉਹੀ ਹੈ ਜੋ ਵਰਤਮਾਨ ਨੂੰ ਠੀਕ ਤਰ੍ਹਾਂ ਪੜ੍ਹ ਸਕੇ ਅਤੇ ਪ੍ਰਸਥਿਤੀਆਂ ਅਨੁਸਾਰ ਚੱਲ ਸਕੇ।

**ਤੋਮਰ**

ਮੂਰਖਾਂ ਤੋਂ ਗੁਣਵਾਨਾਂ ਨੂੰ ਭੈਅ ਲੱਗਦਾ ਹੀ ਹੈ ਕਿਉਂਕਿ ਉਹ ਕੁਝ ਸੋਚਣ ਦੀ ਕੋਸ਼ਿਸ਼ ਨਹੀਂ ਕਰਦੇ।

**ਨਰਾਇਣ ਪੰਡਿਤ**

ਇਕ ਦੁਸ਼ਮਣ ਤੋਂ ਮੈਂ ਆਪਣਾ ਬਚਾਅ ਕਰ ਸਕਦਾ ਹਾਂ ਪਰ ਇਕ ਮੂਰਖ ਮਿੱਤਰ ਤੋਂ ਮੈਨੂੰ ਰੱਬ ਬਚਾਏ।

**ਡੀ.ਆਰ.ਸੀ. ਥਾਮਸਨ**

..................................................

# ਬੱਚਿਆਂ ਦਾ ਪੰਨਾ

## ਆਜੜੀ ਦੀ ਮੂਰਖਤਾ

**ਹਰਦੇਵ ਸਿੰਘ ਸੁੱਖਗੜ੍ਹ**

ਬਹੁਤ ਪੁਰਾਣੇ ਸਮੇਂ ਦੀ ਗੱਲ ਹੈ ਕਿ ਇੱਕ ਪਿੰਡ ਵਿੱਚ ਇੱਕ ਆਜੜੀ ਰਹਿੰਦਾ ਸੀ। ਉਹ ਬਹੁਤ ਗ਼ਰੀਬ ਸੀ। ਉਹ ਬੱਕਰੀਆਂ ਦਾ ਦੁੱਧ ਵੇਚ ਕੇ ਆਪਣਾ ਗੁਜ਼ਾਰਾ ਕਰਦਾ ਸੀ। ਉਸ ਨੇ ਬੱਕਰੀਆਂ ਦੇ ਨਾਲ ਇੱਕ ਕੁੱਤਾ ਰੱਖਿਆ ਹੋਇਆ ਸੀ। ਇਸ ਕੁੱਤੇ ਦਾ ਨਾਂ ਸ਼ੇਰੂ ਸੀ। ਸ਼ੇਰੂ ਬਹੁਤ ਹੀ ਸਮਝਦਾਰ ਤੇ ਵਫ਼ਾਦਾਰ ਸੀ। ਜਦੋਂ ਆਜੜੀ ਬੱਕਰੀਆਂ ਚਾਰਨ ਜਾਂਦਾ ਤਾਂ ਸ਼ੇਰੂ ਵੀ ਉਸ ਦੇ ਨਾਲ ਹੀ ਜਾਂਦਾ। ਸ਼ੇਰੂ ਬਾਹਰਲੇ ਜਾਨਵਰਾਂ ਤੋਂ ਬੱਕਰੀਆਂ ਦੀ ਰਾਖੀ ਕਰਦਾ ਰਹਿੰਦਾ। ਆਜੜੀ ਵੀ ਸ਼ੇਰੂ ਦੇ ਹੁੰਦਿਆਂ ਬੇਫ਼ਿਕਰ ਹੋ ਜਾਂਦਾ।

ਇਸ ਆਜੜੀ ਨੇ ਨੇੜਲੇ ਪਿੰਡ ਦੇ ਸ਼ਾਹੂਕਾਰ ਕੋਲੋਂ ਕਰਜ਼ਾ ਲਿਆ ਹੋਇਆ ਸੀ। ਗ਼ਰੀਬੀ ਕਾਰਨ ਉਹ ਸ਼ਾਹੂਕਾਰ ਦਾ ਕਰਜ਼ਾ ਨਾ ਲਾਹ ਸਕਿਆ। ਇੱਕ ਦਿਨ ਸ਼ਾਹੂਕਾਰ ਉਸ ਦੇ ਘਰ ਆਪਣੇ ਪੈਸੇ ਲੈਣ ਲਈ ਪਹੁੰਚ ਗਿਆ। ਆਜੜੀ ਨੇ ਹਾਲੇ ਪੈਸੇ ਨਾ ਹੋਣ ਦੀ ਗੱਲ ਕਹੀ। ਸ਼ਾਹੂਕਾਰ ਨੇ ਉਸ ਦੀ ਕਾਫ਼ੀ ਝਾੜ-ਝੰਬ ਕੀਤੀ। ਜਦੋਂ ਸ਼ਾਹੂਕਾਰ ਬਿਨਾਂ ਪੈਸਿਓਂ ਉਸ ਦੇ ਘਰੋਂ ਤੁਰਨ ਲੱਗਿਆ ਤਾਂ ਉਸ ਦੀ ਨਜ਼ਰ ਆਜੜੀ ਦੇ ਸ਼ੇਰੂ 'ਤੇ ਪਈ। ਉਸ ਨੂੰ ਸ਼ੇਰੂ ਬਹੁਤ ਚੰਗਾ ਲੱਗਿਆ। ਉਸ ਨੇ ਆਜੜੀ ਨੂੰ ਕਿਹਾ, "ਇਹ ਕੁੱਤਾ ਤੂੰ ਮੈਨੂੰ ਦੇ ਦੇ। ਜਦੋਂ ਤੂੰ ਮੇਰੇ ਪੈਸੇ ਦੇਵੇਂਗਾ, ਉਦੋਂ ਇਹ ਕੁੱਤਾ ਤੂੰ ਵਾਪਸ ਲੈ ਲਈਂ।" ਆਜੜੀ ਨੇ ਸ਼ਾਹੂਕਾਰ ਦੀ ਗੱਲ ਮੰਨ ਲਈ। ਉਸ ਨੇ ਸ਼ਾਹੂਕਾਰ ਨੂੰ ਸ਼ੇਰੂ ਦੇ ਦਿੱਤਾ। ਆਜੜੀ ਨੇ ਸ਼ੇਰੂ ਨੂੰ ਇਹ ਸਮਝਾ ਕੇ ਸ਼ਾਹੂਕਾਰ ਨਾਲ ਤੋਰ ਦਿੱਤਾ ਕਿ ਅੱਜ ਤੋਂ ਬਾਅਦ ਤੇਰਾ ਮਾਲਕ ਸ਼ਾਹੂਕਾਰ ਹੈ। ਤੂੰ ਇਸ ਦੀ ਹਰ ਆਗਿਆ ਦਾ ਪਾਲਣ ਕਰਨਾ। ਹੁਣ ਮੇਰੇ ਕੋਲ ਮੁੜ ਕੇ ਨਾ ਆਵੀਂ। ਸ਼ਾਹੂਕਾਰ ਸ਼ੇਰੂ ਨੂੰ ਲੈ ਕੇ ਆਪਣੇ ਘਰ ਆ ਗਿਆ। ਸ਼ੇਰੂ ਪੂਰੀ ਵਫ਼ਾਦਾਰੀ ਨਾਲ ਸ਼ਾਹੂਕਾਰ ਦੇ ਘਰ ਦੀ ਰਾਖੀ ਕਰਨ ਲੱਗਾ।

ਇੱਕ ਦਿਨ ਅੱਧੀ ਰਾਤ ਨੂੰ ਸ਼ਾਹੂਕਾਰ ਦੇ ਘਰ ਚੋਰ, ਚੋਰੀ ਕਰਨ ਲਈ ਆ ਗਏ। ਉਨ੍ਹਾਂ ਕੋਲ ਕਾਫ਼ੀ ਵੱਡੇ-ਵੱਡੇ ਹਥਿਆਰ ਸਨ। ਸ਼ੇਰੂ ਸਮਝ ਗਿਆ ਸੀ ਕਿ ਜੇਕਰ ਉਹ ਭੌਂਕਿਆ ਤਾਂ ਚੋਰ ਉਸ ਨੂੰ ਅਤੇ ਸ਼ਾਹੂਕਾਰ ਦੇ ਪੂਰੇ ਪਰਿਵਾਰ ਨੂੰ ਮਾਰ ਦੇਣਗੇ। ਇਸ ਲਈ ਸ਼ੇਰੂ ਸਭ ਕੁਝ ਚੁੱਪ-ਚੁਪੀਤੇ ਦੇਖਦਾ ਰਿਹਾ। ਚੋਰ ਸ਼ਾਹੂਕਾਰ ਦਾ ਸਾਰਾ ਸਾਮਾਨ, ਗਹਿਣੇ ਅਤੇ ਨਕਦੀ ਲੁੱਟ ਕੇ ਤੁਰ ਪਏ। ਸ਼ੇਰੂ ਵੀ ਚੁੱਪ-ਚੁਪੀਤੇ ਚੋਰਾਂ ਦੇ ਪਿੱਛੇ-ਪਿੱਛੇ ਤੁਰਦਾ ਗਿਆ। ਥੋੜ੍ਹੀ ਦੂਰ ਇੱਕ ਜੰਗਲ ਵਿੱਚ ਚੋਰਾਂ ਨੇ ਲੁੱਟਿਆ ਸਾਰਾ ਧਨ ਇੱਕ ਟੋਆ ਪੁੱਟ ਕੇ ਦੱਬ ਦਿੱਤਾ। ਸ਼ੇਰੂ ਉਹ ਜਗ੍ਹਾ ਵੇਖ ਕੇ ਵਾਪਸ ਘਰ ਆ ਗਿਆ।

ਜਦੋਂ ਦਿਨ ਚੜ੍ਹਿਆ ਤਾਂ ਸਾਰੇ ਪਿੰਡ ਵਿੱਚ ਸ਼ਾਹੂਕਾਰ ਦੇ ਘਰ ਚੋਰੀ ਹੋਣ ਦਾ ਰੌਲਾ ਪੈ ਗਿਆ। ਸਾਰੇ ਪਿੰਡ ਵਾਸੀ ਉਸ ਦੇ ਘਰ ਆ ਗਏ। ਸ਼ਾਹੂਕਾਰ ਦੇ ਘਰ ਕਾਫ਼ੀ ਇਕੱਠ ਹੋ ਗਿਆ ਸੀ। ਘਰ ਵਿੱਚ ਚੋਰੀ ਦੀਆਂ ਗੱਲਾਂ ਹੋ ਰਹੀਆਂ ਸਨ, ਪਰ ਇਸ ਰੌਲੇ ਵਿੱਚ ਸ਼ੇਰੂ ਸ਼ਾਹੂਕਾਰ ਨੂੰ ਕੁਝ ਕਹਿਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਸ਼ਾਹੂਕਾਰ ਦਾ ਪੱਲਾ ਫੜ ਕੇ ਆਪਣੇ ਨਾਲ ਤੁਰਨ ਦਾ ਇਸ਼ਾਰਾ ਕਰ ਰਿਹਾ ਸੀ। ਸ਼ੇਰੂ ਦੀਆਂ ਹਰਕਤਾ ਦੇਖ ਕੇ ਇੱਕ ਸਿਆਣੇ ਬੰਦੇ ਨੇ ਕਿਹਾ, "ਲੱਗਦਾ ਹੈ ਕਿ ਇਸ ਕੁੱਤੇ ਨੂੰ ਚੋਰੀ ਬਾਰੇ ਕੁਝ ਪਤਾ ਹੈ।" ਸ਼ੇਰੂ ਨੇ ਸ਼ਾਹੂਕਾਰ ਦਾ ਪੱਲਾ ਫੜ ਕੇ ਨਾਲ ਤੁਰਨ ਦਾ ਇਸ਼ਾਰਾ ਕੀਤਾ। ਲੋਕ ਸ਼ੇਰੂ ਦੇ ਪਿੱਛੇ-ਪਿੱਛੇ ਤੁਰਨ ਲੱਗੇ। ਸ਼ੇਰੂ ਉਨ੍ਹਾਂ ਨੂੰ ਇੱਕ ਜੰਗਲ ਵਿੱਚ ਲੈ ਗਿਆ। ਉੱਥੇ ਜਾ ਕੇ ਸ਼ੇਰੂ ਨੇ ਉਸ ਥਾਂ ਨੂੰ ਆਪਣੀਆਂ ਨਹੁੰਦਰਾਂ ਨਾਲ ਪੁੱਟਣਾ ਸ਼ੁਰੂ ਕਰ ਦਿੱਤਾ ਜਿੱਥੇ ਚੋਰਾਂ ਨੇ ਚੋਰੀ ਕਰਕੇ ਮਾਲ ਦੱਬਿਆ ਹੋਇਆ ਸੀ। ਲੋਕਾਂ ਨੇ ਜਦੋਂ ਉਸ ਥਾਂ ਨੂੰ ਪੁੱਟ ਕੇ ਵੇਖਿਆ ਤਾਂ ਉਸ ਵਿੱਚੋਂ ਸ਼ਾਹੂਕਾਰ ਦਾ ਸਾਰਾ ਸਮਾਨ, ਨਕਦੀ ਅਤੇ ਗਹਿਣੇ ਨਿਕਲ ਆਏ। ਸਭ ਲੋਕ ਸ਼ੇਰੂ ਦੀ ਸਿਆਣਪ ਦੀ ਤਾਰੀਫ਼ ਕਰਨ ਲੱਗੇ। ਸ਼ਾਹੂਕਾਰ ਦਾ ਚੋਰੀ ਹੋਇਆ ਸਾਰਾ ਸਮਾਨ ਵਾਪਸ ਮਿਲ ਗਿਆ ਸੀ। ਸ਼ਾਹੂਕਾਰ ਸ਼ੇਰੂ ਦੀ ਸਿਆਣਪ ਤੋਂ ਬਹੁਤ ਖ਼ੁਸ਼ ਹੋਇਆ। ਅਗਲੇ ਦਿਨ ਸ਼ਾਹੂਕਾਰ ਨੇ ਸ਼ੇਰੂ ਦੇ ਗੱਲ ਵਿੱਚ ਇੱਕ ਚਿੱਠੀ ਲਿਖ ਕੇ ਉਸ ਨੂੰ ਵਾਪਸ ਆਜੜੀ ਕੋਲ ਭੇਜ ਦਿੱਤਾ। ਜਦੋਂ ਸ਼ੇਰੂ ਆਜੜੀ ਦੇ ਘਰ ਪੁੱਜਾ ਤਾਂ ਉਸ ਨੇ ਸਮਝਿਆ ਕਿ ਸ਼ੇਰੂ ਸ਼ਾਹੂਕਾਰ ਕੋਲੋਂ ਦੌੜ ਕੇ ਆਇਆ ਹੈ।

ਉਸ ਨੂੰ ਗੁੱਸਾ ਆ ਗਿਆ। ਆਜੜੀ ਨੇ ਸ਼ੇਰੂ ਨੂੰ ਆਪਣੀ ਕੁਹਾੜੀ ਨਾਲ ਵੱਢ ਦਿੱਤਾ। ਮਰੇ ਹੋਏ ਸ਼ੇਰੂ ਦੇ ਗਲ ਵਿੱਚ ਉਸ ਨੇ ਚਿੱਠੀ ਵੇਖੀ। ਜਦੋਂ ਆਜੜੀ ਨੇ ਉਹ ਚਿੱਠੀ ਖੋਲ੍ਹ ਕੇ ਪੜ੍ਹੀ ਤਾਂ ਉਸ ਚਿੱਠੀ ਵਿੱਚ ਲਿਖਿਆ ਹੋਇਆ ਸੀ: "ਤੇਰਾ ਸ਼ੇਰੂ ਬਹੁਤ ਹੀ ਸਿਆਣਾ ਤੇ ਸਮਝਦਾਰ ਹੈ। ਤੇਰੇ ਸ਼ੇਰੂ ਨੇ ਮੇਰਾ ਘਰ ਬਰਬਾਦ ਹੋਣ ਤੋਂ ਬਚਾ ਲਿਆ ਹੈ। ਇਸ ਲਈ ਮੈਂ ਤੁਹਾਡਾ ਸਾਰਾ ਕਰਜ਼ਾ ਮੁਆਫ਼ ਕਰਦਾ ਹਾਂ। ਤੇਰਾ ਸ਼ੇਰੂ ਵੀ ਤੈਨੂੰ ਵਾਪਸ ਕਰਦਾ ਹਾਂ।" ਇਹ ਪੜ੍ਹ ਕੇ ਆਜੜੀ ਧਾਹਾਂ ਮਾਰ ਕੇ ਰੋਣ ਲੱਗਿਆ। ਉਸ ਨੂੰ ਬਿਨਾਂ ਸੋਚੇ-ਸਮਝੇ ਸ਼ੇਰੂ ਨੂੰ ਮਾਰਨ 'ਤੇ ਬੜਾ ਪਛਤਾਵਾ ਹੋਇਆ, ਪਰ ਹੁਣ ਕੁਝ ਨਹੀਂ ਹੋ ਸਕਦਾ ਸੀ।

# ਖ਼ਬਰਨਾਮਾ

## ਜਪੁ ਪ੍ਰਯੋਗ ਮੇਲਾ

**ਸ੍ਰੀ ਭੈਣੀ ਸਾਹਿਬ, 2022**

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਪ ਪ੍ਰਯੋਗ ਦਾ ਆਰੰਭ ਸਰਹਿੰਦ ਨਹਿਰ ਤੋਂ ਕੀਤਾ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਸਦਕਾ ਹੁਣ ਇਸ ਦਾ ਵਿਸਥਾਰ ਲਗਭਗ ਸਾਰੇ ਵਿਸ਼ਵ ਵਿੱਚ ਹੈ। ਜਪੁ ਦਾ ਅਰਥ ਹੈ ਪ੍ਰਮੇਸ਼ਰ ਦੀ ਯਾਦ ਵਿੱਚ ਉਸ ਦੇ ਨਾਮ ਨਾਲ ਜੁੜਣਾ ਤੇ ਪ੍ਰਯੋਗ ਦਾ ਅਰਥ ਹੈ (Experiment) ਇਹ Experiment ਆਪਣੇ ਸਰੀਰ ’ਤੇ ਕਰਨਾ ਹੈ ਜਿਸ ਨਾਲ ਮਨ ਪ੍ਰਮੇਸ਼ਰ ਦੇ ਨਾਮ ਨਾਲ ਜੁੜਿਆ ਰਹੇ। ਘੱਟ ਸੌਣਾ, ਘੱਟ ਬੋਲਣਾ, ਘੱਟ ਖਾਣਾ, ਵੱਧ ਤੋਂ ਵੱਧ ਸਮਾਂ ਭਜਨ ਬੰਦਗੀ ਵਿੱਚ ਬਤੀਤ ਕਰਨਾ। ਰਸਾਂ ਕਸਾਂ ਨੂੰ ਛੱਡ ਸ਼ੁੱਧ ਸਾਂਤਵਿਕ ਭੋਜਨ ਗ੍ਰਹਿਣ ਕਰਨਾ। ਸਰੀਰ ਨੂੰ ਪਵਿੱਤਰ ਰੱਖਣਾ ਤਾਂ ਕਿ ਮਨ ਤੇ ਇਸ ਦਾ ਅਸਰ ਹੋਵੇ। ਨਾਮਧਾਰੀ ਸੰਗਤ ਲਈ ਜਪ ਪ੍ਰਯੋਗ ਦਾ ਮਹੀਨਾ ਖਾਸ ਮਹੱਤਵ ਵਾਲਾ ਹੁੰਦਾ ਹੈ। ਦਰਜਨ ਤੋਂ ਵੱਧ ਦੇਸ਼ਾਂ ਵਿੱਚ ਤਕਰੀਬਨ ਪੰਦਰਾਂ ਤੋਂ ਵੀਹ ਹਜ਼ਾਰ ਨਾਮਧਾਰੀ ਸਿਖ ਇਸ ਪ੍ਰਯੋਗ ਵਿੱਚ ਹਿੱਸਾ ਲੈਂਦੇ ਹਨ। ਸ੍ਰੀ ਭੈਣੀ ਸਾਹਿਬ ਮਹੀਨਾ ਭਰ ਨਾਮ ਸਿਮਰਨ, ਕੀਰਤਨ, ਕਥਾ, ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨ, ਹੁਕਮਨਾਮਿਆਂ ਦਾ ਪਾਠ, ਸਤ-ਸੰਗਤ ਦਾ ਕੁੰਭ ਲਗਦਾ ਹੈ। ਬਹੁਤ ਸਾਰੀ ਸੰਗਤ ਵੱਖ-ਵੱਖ ਦੇਸ਼ਾਂ, ਸ਼ਹਿਰਾਂ, ਨਗਰਾਂ ਤੋਂ ਸ੍ਰੀ ਭੈਣੀ ਸਾਹਿਬ ਆ ਪ੍ਰਯੋਗ ਵਿੱਚ ਲਗਦੀ ਹੈ ਅਤੇ ਪ੍ਰਯੋਗ ਦੀ ਰੌਣਕ ਵਧਾਉਂਦੀ ਹੈ। ਪਹਿਲੇ ਦਿਨ ਤੋਂ ਲੈ ਕੇ ਪ੍ਰਯੋਗ ਦੇ ਆਖਰੀ ਦਿਨ ਤੱਕ ਵੱਡੀ ਗਿਣਤੀ ਵਿੱਚ ਸੰਗਤ ਦੋਵੇਂ ਸਮੇਂ ਹਾਜ਼ਰੀ ਲਵਾਉਂਦੀ ਰਹੀ।

**ਦੀਵਾਨ–** ਪ੍ਰਯੋਗ ਦੇ ਆਰੰਭ ਵਿੱਚ ਦੁਪਹਿਰ ਦੀ ਕਥਾ ਸੰਤ ਨਿਸ਼ਾਨ ਸਿੰਘ ਜੀ ਗਿਆਨੀ ਗਿਆਨ ਸਿੰਘ ਦੇ ਲਿਖੇ ਕੂਕਿਆਂ ਬਾਰੇ ਕਬਿਤਾਂ ਦੀ ਕਥਾ ਕਰਦੇ ਰਹੇ। ਸੰਤ ਜੀ ਨੇ ਸੰਗਤ ਨੂੰ ਦਸਿਆ ਕਿ ਗਿਆਨੀ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਸਮਕਾਲੀ ਸਨ। ਆਪ ਨਿਰਮਲ ਸੰਪਰਦਾ ਨਾਲ ਸੰਬੰਧ ਰੱਖਦੇ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਬਾਰ ਵਿੱਚ ਆ 'ਨਾਨਕ ਪ੍ਰਕਾਸ਼' ਦੀ ਕਥਾ ਗਿਆਨੀ ਜੀ ਨੇ ਕੀਤੀ। ਕੂਕਿਆਂ ਬਾਰੇ ਲਿਖੇ ਕਬਿਤਾਂ ਵਿੱਚ ਸਤਿਗੁਰੂ ਬਾਲਕ ਸਿੰਘ ਜੀ ਦਾ ਜੀਵਨ ਗੁਰਗੱਦੀ ਮਿਲਣੀ ਅਤੇ ਅੱਗੇ ਗੁਰਗੱਦੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਣੀ ਦਾ ਸੰਖੇਪ ਵੇਰਵਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਨੂੰ ਉਨ੍ਹਾਂ ਬਹੁਤ ਖੂਬਸੂਰਤੀ ਨਾਲ ਬਿਆਨ ਕੀਤਾ ਹੈ। ਇਹ ਕਥਾ ਲਗਭਗ ਦੋ ਹਫ਼ਤੇ ਚਲਦੀ ਰਹੀ। ਕਥਾ ਤੋਂ ਬਾਅਦ ਹੁਕਮਨਾਮਾ ਪਾ:12 ਪੜ੍ਹਿਆ ਜਾਂਦਾ, ਜੋ ਕਦੀ-ਕਦੀ ਸਤਿਗੁਰੂ ਜੀ ਆਪ ਵੀ ਪੜ੍ਹਣ ਦੀ ਕਿਰਪਾ ਕਰਦੇ। ਗਿਆਨੀ ਜੀ ਦੀ ਕਥਾ ਸਮਾਪਤ ਹੋਣ ਤੋਂ ਬਾਅਦ ਦੀਵਾਨ ਤੇ ਕਥਾ ਰੋਜ਼ ਹੁੰਦੀ ਰਹੀ। ਐਤਵਾਰ ਵਾਲੇ ਦਿਨ ਸੂਬੇ ਸਾਹਿਬਾਨ, ਜੋ ਸਤਿਗੁਰੂ ਰਾਮ ਸਿੰਘ ਜੀ ਨਾਲ ਅੰਗ੍ਰੇਜ਼ੀ ਹਕੂਮਤ ਨੇ ਫੜ੍ਹ ਪੰਜਾਬ ਤੋਂ ਦੂਰ ਕਰ ਦਿੱਤੇ, ਉਨ੍ਹਾਂ ਦੇ ਜੀਵਨ ਬਾਰੇ ਭਾਸ਼ਣ ਹੁੰਦੇ ਰਹੇ।

**ਬਾਹਰੋਂ ਆਏ ਬੁਲਾਰਿਆ ਦਾ ਵਿਖਿਆਣ–**

**ਸਾਬਕਾ ਹੈੱਡ ਗ੍ਰੰਥੀ ਹਜ਼ੂਰ ਸਾਹਿਬ ਦੇ ਗਿਆਨੀ ਪ੍ਰਤਾਪ ਸਿੰਘ (30-9-2022)** ਜੀ ਨੇ ਆਪਣਾ ਵਿਖਿਆਨ ਸ਼ੁਰੂ ਕਰਦਿਆਂ ਆਖਿਆ ਤੁਸੀਂ ਵੱਡੇ ਭਾਗਾਂ ਵਾਲੇ ਹੋ ਜੋ



ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬੈਠ ਓਸ ਨਾਮ ਦਾ ਸਿਮਰਨ ਕਰ ਰਹੇ ਹੋ ਜਿਸ ਨਾਮ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਈ ਯੁੱਗ ਤਪ ਕਰਕੇ ਸਿਖਾਂ ਦੇ ਭਲੇ ਲਈ ਦਿੱਤਾ ਹੈ। ਗਿਆਨੀ ਜੀ ਕਿਹਾ ਮੈਂ ਤਾਂ ਇਥੇ ਕੋਈ ਵਿਖਿਆਨ ਕਰਨ ਨਹੀਂ ਆਇਆ ਬਸ ਸਤਿਗੁਰੂ ਜੀ ਦਾ ਉਪਦੇਸ਼ ਲੈਣ ਆਇਆ ਹਾਂ। ਗੁਰੂ ਕੇ ਸਿੱਖ ਗੁਰੂ ਦੀ ਜੋਤਿ ਨੂੰ ਧਿਆਉਂਦੇ ਉਸ ਦਾ ਰੂਪ ਹੋ ਜਾਂਦੇ ਹਨ। ਬਾਬਾ ਬੁੱਢਾ ਜੀ ਪੂਰਨ ਬ੍ਰਹਮ ਗਿਆਨੀ ਸਿੱਖ ਸੀ ਜੋ ਸਿਮਰਨ ਕਰਦਿਆਂ ਇਸ ਅਵਸਥਾ 'ਚ ਪਹੁੰਚ ਗਏ ਕਿ ਗੁਰੂ ਦੀ ਜੋਤਿ ਵਿੱਚ ਅਭੇਦ ਹੋ ਗਏ। ਗੁਰਮੁੱਖ ਤਿੰਨ ਤਰ੍ਹਾਂ ਦੇ ਹੁੰਦੇ ਹਨ ਇਕ ਉਹ ਜੋ ਆਪਣਾ ਮੁਖ ਸਦਾ ਗੁਰੂ ਵੱਲ ਰੱਖਦੇ ਹਨ। ਦੂਸਰੇ

ਗੁਰੂ ਦੀ ਬਾਣੀ, ਸਿਮਰਨ ਦਾ ਹੀ ਆਪਣੇ ਮੁੱਖ ਨਾਲ ਜਾਪ ਕਰਦੇ ਹਨ। ਤੀਜੇ ਉਹ ਜੋ ਹਮੇਸ਼ਾਂ ਗੁਰੂ ਦੀ ਹੀ ਗੱਲ ਕਰਦੇ ਹਨ। ਗੁਰੂ ਜੱਸ ਹੀ ਉਨ੍ਹਾਂ ਦੀ ਬਾਣੀ ਹੈ। ਦਸਮ ਗ੍ਰੰਥ ਵਿੱਚ ਜਾਮਵੰਤ ਦੀ ਕਥਾ ਆਉਂਦੀ ਹੈ। ਭਗਵਾਨ ਕ੍ਰਿਸ਼ਨ ਨੇ ਅੱਠ ਦਿਨ ਜੰਗ ਕੀਤੀ ਜਾਮਵੰਤ ਨਾਲ ਪਰ ਜਿੱਤ ਨਹੀਂ ਸਕੇ। ਹਾਰ ਉਨ੍ਹਾਂ ਉਸ ਦਾ ਪਿਛਲਾ ਕਰਮ ਦੇਖਿਆ ਤਾਂ ਪਤਾ ਲੱਗਾ ਉਹ ਤਾਂ ਭਗਵਾਨ ਸ੍ਰੀ ਰਾਮ ਚੰਦਰ ਜੀ ਦੇ ਪੂਰਨ ਸਿੱਖ ਹਨ। ਜਿਨ੍ਹਾਂ ਨੇ ਉਨ੍ਹਾਂ ਨਾਲ ਲੰਕਾ ਤੇ ਚੜ੍ਹਾਈ ਸਮੇਂ ਸਾਥ ਦਿੱਤਾ ਤਾਂ ਭਗਵਾਨ ਕ੍ਰਿਸ਼ਨ ਨੇ ਸ੍ਰੀ ਰਾਮ ਚੰਦ੍ਰ ਦੇ ਰੂਪ ਵਿੱਚ ਦਰਸ਼ਨ ਦਿੱਤੇ। ਰਾਮ ਚੰਦਰ ਦੇ ਸਰੂਪ 'ਚ ਕ੍ਰਿਸ਼ਨ ਨੂੰ ਦੇਖ ਜਾਮਵੰਤ ਪੈਰੀ ਪੈ ਗਿਆ ਤੇ ਮਾਫ਼ੀ ਮੰਗੀ ਤੇ ਆਖਿਆ ਮੈਂ ਭੁੱਲ ਗਿਆ, ਤੂੰ ਯੁਗ-ਯੁਗ ਇਕੋ ਹੀ ਹੈ। ਇਹ ਸਾਖੀ ਸਾਧ ਸੰਗਤ ਜੀ ਸਾਨੂੰ ਦੱਸਦੀ ਹੈ ਕਿ ਗੁਰੂ ਕਿ ਸਿੱਖ ਵਿੱਚ ਤੇ ਗੁਰੂ ਵਿੱਚ ਕੋਈ ਭੇਦ ਨਹੀਂ ਰਹਿ ਜਾਂਦਾ ਤੇ ਗੁਰੂ ਦੇ ਸਿੱਖ ਹਰ ਮੁਸੀਬਤ ਨੂੰ ਗੁਰੂ ਦੀ ਕ੍ਰਿਪਾ ਨਾਲ ਝੱਲ ਸਕਦੇ ਹਨ। ਜਿਵੇਂ ਭਾਈ ਬਿੱਧੀ ਚੰਦ ਜੀ ਭੱਠੀ 'ਚ ਬੈਠ ਗਏ ਸੀ ਤੇ ਗੁਰੂ ਉਨ੍ਹਾਂ ਦੇ ਅੰਗ ਸੰਗ ਰਹੇ। ਭੱਟ ਲਿਖਦੇ ਹਨ ਗੁਰੂ ਤਾਂ ਯੁੱਗਾਂ ਯੁੱਗਾਂ ਤੋਂ ਚਲਦਾ ਆ ਰਿਹਾ ਹੈ ਤੇ ਉਹ ਹੀ ਜੋਤਿ ਅੱਗੇ ਕਲਜੁਗ ਨੂੰ ਤਾਰ ਰਹੀ ਹੈ।

**"ਸਤਿਜੁਗ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ"**

ਗੁਰੂ ਘਰ ਵਿੱਚ ਬੜੇ-ਬੜੇ ਸਿਦਕੀ, ਤ੍ਰਿਕਾਲ ਦਰਸ਼ੀ ਗੁਰੂ ਕੇ ਸਿੱਖ ਹੋਏ ਹਨ। ਗੁਰੂ ਅਰਜਨ ਦੇਵ ਜੀ ਨੂੰ ਸਿੱਖ ਨੇ ਪੁਛਿਆ ਜੀ ਜਿਵੇਂ ਗੁਰਬਾਣੀ 'ਚ ਗੁਰਮੁਖਿ ਦੇ ਲੱਖਣ ਲਿਖੇ ਹਨ ਇਸ ਤਰ੍ਹਾਂ ਦਾ ਕੋਈ ਗੁਰੂ ਪਿਆਰਾ ਹੁਣ ਵੀ ਹੈ ਤਾਂ ਗੁਰੂ ਜੀ ਨੇ ਭਾਈ ਭਿਖਾਰੀ ਜੀ ਕੋਲ ਭੇਜ ਦਿੱਤਾ, ਜੋ ਪੂਰਨ ਗੁਰਸਿਖ ਸੀ। ਉਸ ਦੇ ਭਾਣਾ ਮੰਨਣ, ਸਬਰ ਕਰਨ ਦੇ ਗੁਣ ਨੇ ਸਿੱਖ ਨੂੰ ਚੱਕਰਿਤ ਕਰ ਦਿੱਤਾ। ਇਸ ਤਰ੍ਹਾਂ ਭਾਈ ਪਾਰੋ ਪਰਮ ਹੰਸ ਸੀ, ਜਿਨ੍ਹਾਂ ਗੁਰੂ ਅਮਰਦਾਸ ਜੀ ਦੇ ਸਮੇਂ ਬਹੁਤ ਸੇਵਾ ਕੀਤੀ। ਸਤਿਗੁਰਾਂ ਕਈ ਵਰ ਉਨ੍ਹਾਂ ਨੂੰ ਦਿੱਤੇ। ਇਹ ਸਿੱਖ ਪਿਆਰੇ ਗੁਰੂ ਨਾਲ ਅਭੇਦ ਸਨ ਗੁਰੂ ਤੇ ਇਨ੍ਹਾਂ ਵਿੱਚ ਕੋਈ ਫਰਕ ਨਹੀਂ ਸੀ। ਗੁਰੂ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਕਿਹਾ ਕਿ "ਗੁਰੂ ਬਿਨਾਂ ਗੱਤ ਨਹੀਂ ਤੇ ਸ਼ਾਹ ਬਿਨਾ ਪੱਤ ਨਹੀਂ" ਪੰਜਾਬੀ ਦੀ ਕਹਾਵਤ ਹੈ ਗੁਰੂ ਬਿਨਾਂ ਉਪਦੇਸ਼ ਨਹੀਂ ਕੋਈ ਦੇ ਸਕਦਾ। ਅਸੀਂ ਵਿਦਿਆ ਦੇਣ ਵਾਲੇ, ਸਿਖਿਆ ਦੇਣ ਵਾਲੇ ਨੂੰ ਵੀ ਗੁਰੂ ਹੀ ਆਖਦੇ ਹਾਂ। ਬਾਬਾ ਜੁਗਿੰਦਰ ਸਿੰਘ ਮੋਨੀ ਨੇ ਸਤਿਗੁਰੂ ਜੀ ਨੂੰ ਹਜ਼ੂਰ ਸਾਹਿਬ ਚੋਲਾ ਪਵਾਇਆ। ਬਾਬਾ ਜੁਗਿੰਦਰ ਸਿੰਘ ਮੋਨੀ ਅੰਦਰੋਂ ਹੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦਰਸ਼ਨ ਦੇਣ ਲਈ ਅਰਦਾਸਾਂ ਕਰਦੇ ਸਨ। ਗਿਆਨੀ ਜੀ ਨੇ ਦੱਸਿਆ ਸਾਡੇ ਪਰਿਵਾਰ ਦਾ ਸੰਬੰਧ ਇਸ ਘਰ ਨਾਲ ਬਹੁਤ ਪੁਰਾਣਾ ਹੈ। ਮੇਰੇ ਪੜਦਾਦਾ ਜੀ ਬਾਬਾ ਜਵੰਦ ਸਿੰਘ ਜੀ 10-10 ਦਿਨ ਅਨੰਦਪੁਰ ਜਾਂਦੇ ਇਥੇ ਸ੍ਰੀ ਭੈਣੀ ਸਾਹਿਬ ਰਹਿਣਾ। ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਹੁਤ ਖੁਸ਼ੀਆਂ ਲਈਆਂ। ਸਿੱਖ ਫਲਸਫ਼ੇ 'ਤੇ ਬੋਲਦਿਆਂ ਕਿਹਾ ਸਾਡਾ ਸਿੱਖੀ ਸਿਧਾਂਤ ਦੇ ਤਿੰਨ ਮੁੱਖ ਸਿਧਾਂਤ ਹਨ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ। ਸਾਨੂੰ ਇਸ ਸਿਧਾਂਤ ਤੇ ਪਹਿਰਾ ਦੇਣਾ ਚਾਹੀਦਾ ਹੈ। ਸਤਿਗੁਰੂ ਜੀ ਬੜੀ ਕਿਰਪਾ ਕੀਤੀ ਹੈ ਮੇਰੇ ਤੇ ਮੈਂ ਆਪਦੇ ਸਾਮ੍ਹਣੇ ਇਹ ਵਿਚਾਰ ਰੱਖ ਸਕਿਆਂ ਹਾਂ। ਧੰਨਵਾਦ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।

**ਸੁਵਰਨ ਸਿੰਘ ਵਿਰਕ (17-9-2022)-** ਅੱਸੂ ਦੀ ਸੰਗਰਾਂਦ ਦਾ ਦਿਨ ਜਿਥੇ ਨਾਮਧਾਰੀ ਸੰਪਰਦਾ ਦੇ ਕੁੰਭ ਮੰਨੇ ਜਾਣ ਵਾਲੇ ਜਪ ਪ੍ਰਯੋਗ ਦੀ ਅਰੰਭਤਾ ਦਾ ਦਿਨ ਹੈ। ਸਭ ਦੇਸ਼ਾਂ ਵਿਦੇਸ਼ਾਂ ਵਿੱਚ ਅੱਸੂ ਦਾ ਪੂਰਾ ਮਹੀਨਾਂ ਸਭ ਸੰਗਤਾਂ ਨਾਮ ਜਪਦੀਆਂ ਹਨ, ਬਾਣੀ ਪੜ੍ਹਦੀਆਂ ਹਨ, ਨਾਲ ਹੀ ਸ੍ਰੀ ਭੈਣੀ ਸਾਹਿਬ ਵਿਖੇ ਹਵਨ, ਵਰਨੀਆਂ, ਨਾਮ, ਬਾਣੀ ਹਰਿ ਜਸ ਦਾ ਪ੍ਰਵਾਹ ਚਲਦਾ ਹੈ। ਸਾਰੇ ਨਾਮਧਾਰੀ ਸ੍ਰੀ ਭੈਣੀ ਸਾਹਿਬ ਸਤਿਗੁਰੂ



ਰਾਮ ਸਿੰਘ ਜੀ ਦੇ ਦ੍ਰਿੜ ਕਰਵਾਏ ਉਪਦੇਸ਼ਾਂ ਤੇ ਚਲਦਿਆ 'ਲੋਕ ਸੁਖੀਏ ਪਰਲੋਕ ਸੁਹੇਲੇ' ਦਾ ਦਰਗਾਹੀ ਕਾਰਜ ਕਰਦੇ ਹਨ। ਇਕ ਅੱਸੂ ਦਾ ਦਿਨ ਬਹੁਤ ਇਤਿਹਾਸਿਕ ਮਹੱਤਤਾ ਰੱਖਦਾ ਹੈ। ਸੰਨ 1841 ਈ. ਜੋ ਕਿ ਅੱਜ ਤੋਂ ਠੀਕ 181 ਸਾਲ ਪਹਿਲਾਂ ਗਿਆਰਵੇਂ ਗੁਰੂ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਇਲਾਹੀ ਗੁਰ ਗੱਦੀ ਦੇ 12 ਵੇਂ ਵਾਰਿਸ ਬਣਾਇਆ, ਨਾਲ ਹੀ ਦੇਸ਼ ਵਿੱਚ ਅੰਗ੍ਰੇਜ਼ ਸਰਕਾਰ ਦਾ ਬਿਸਤਰਾ ਗੋਲ ਕਰਨ ਅਤੇ ਦਸਮ ਪਾਤਸ਼ਾਹ ਦੀ ਮੁਰਝਾਈ ਹੋਈ ਸਿੱਖੀ ਨੂੰ ਮੁੜ ਸੁਰਜੀਤ ਕਰਨ ਦਾ ਉਪਦੇਸ਼ ਦਿੱਤਾ। ਇਸ ਦਿਨ ਨੂੰ ਸ੍ਰੀ

ਸਤਿਗੁਰੂ ਰਾਮ ਸਿੰਘ ਜੀ ਦੇ ਗੁਰਗੱਦੀ ਦਿਵਸ ਵਜੋਂ ਵੀ ਮਨਾਇਆ ਜਾਂਦਾ ਹੈ।

ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਪ੍ਰਕਾਸ਼ ਪਿਤਾ ਬਾਬਾ ਦਿਆਲ ਸਿੰਘ ਅਤੇ ਮਾਤਾ ਤੋਤੀ ਜੀ ਦੇ ਗ੍ਰਿਹ ਵਿਖੇ ਨਗਰ ਸਰਵਾਲਾ ਜ਼ਿਲ੍ਹਾ ਅੱਟਕ (ਪਾਕਿਸਤਾਨ) ਜਿਸ ਨੂੰ 1947 ਤੋਂ ਪਹਿਲਾਂ ਕੈਂਮਲਪੁਰ ਜਾਂ ਕੈਂਪਬਲਪੁਰ ਕਰਕੇ ਵੀ ਜਾਣਿਆ ਜਾਂਦਾ ਸੀ। ਸ੍ਰੀ ਸਤਿਗੁਰੂ ਜੀ ਆਪਣੇ ਭਰਾ ਮੰਨਾ ਸਿੰਘ ਨਾਲ ਹਜ਼ਰੋਂ ਕਾਰੋਬਾਰ ਕਰਨ ਜਾਂਦੇ ਹਨ। ਹਜ਼ਰੋਂ ਉਸ ਵੇਲੇ ਇਕ ਛੋਟਾ ਕਸਬਾ ਸੀ, ਜੋ ਫ਼ੌਜੀ ਛਉਣੀ ਦਾ ਵੀ ਕੇਂਦਰ ਸੀ। ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਹਜ਼ਰੋਂ ਜਾਣ ਤੇ ਗਿਆਨੀ ਗਿਆਨ ਸਿੰਘ ਜੀ ਫ਼ਰਮਾਉਂਦੇ ਹਨ ਕਿ ਹਜ਼ਰੋਂ ਦੀ ਪ੍ਰਸਿੱਧੀ ਆਯੋਧਿਆ ਵਾਂਗ ਹੋਈ ਅਤੇ ਸ੍ਰੀ ਸਤਿਗੁਰੂ ਜੀ ਦੀ ਉਸਤਤਿ ਵਿੱਚ ਲਿਖਦੇ ਹਨ-

ਨਾਮ ਸਿੰਘ ਬਾਲਕ ਪੈ ਪਾਲਕ ਪੈਗੰਬਰੋਂ ਕੇ,
ਅੰਬਰੋਂ ਕੇ ਮਾਲਕ ਅਡੰਬਰੋਂ ਕੇ ਤਿਆਗੀ ਹੈਂ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ 3 ਫਰਵਰੀ 1816 ਈ. ਪਿੰਡ ਰਾਈਆਂ, ਪਿਤਾ ਜੱਸਾ ਸਿੰਘ ਤੇ ਮਾਤਾ ਸਦਾ ਕੌਰ ਦੇ ਘਰ ਹੋਇਆ। ਆਪ ਨੇ ਆਪਣੇ ਜੀਵਨ ਦੇ 20-21 ਸਾਲ ਆਪਣੇ ਪਿਤਾ ਪੁਰਖੀ ਕਿੱਤਾ ਖੇਤੀਬਾੜੀ ਕਰਦਿਆਂ ਬਤੀਤ ਕੀਤਾ। ਭੈਣ ਸਾਹਿਬ ਕੌਰ ਦੇ ਪਤੀ ਕਾਬਲ ਸਿੰਘ ਕਿਲ੍ਹਾ ਰਾਏਪੁਰ ਤੋਂ ਆਏ ਅਤੇ ਆਖਿਆ ਕਿ ਜੇ ਇਹ ਸੁਡੋਲ ਸਰੀਰ ਦਾ ਜਵਾਨ ਗੱਭਰੂ ਲਾਹੌਰ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੀ ਸ਼ੋਭਾ ਵਧਾਵੇ, ਸ੍ਰੀ ਸਤਿਗੁਰੂ ਜੀ 1839 ਤੋਂ 1845 ਤੱਕ, ਮਹਾਰਾਜਾ ਰਣਜੀਤ ਸਿੰਘ ਦੇ ਪੋਤਰਾ ਕੰਵਰ ਨੌਂ ਨਿਹਾਲ ਸਿੰਘ ਦੀ ਪਲਟਨ ਵਿੱਚ ਸ਼ਾਮਲ ਸਨ। ਇਸ ਪਲਟਨ ਵਿੱਚ ਸਿਰਫ਼ ਕੋਈ ਚੋਣਵੇਂ ਜਵਾਨ ਭਰਤੀ ਕਰਿਆ ਕਰਦੇ ਸਨ ਅਤੇ ਹੈਨਰੀ ਫੇਨ ਨੇ ਜਦ ਸ. ਸ਼ਾਮ ਸਿੰਘ ਅਟਾਰੀ ਦੇ ਵਿਆਹ ਵਿੱਚ ਸ਼ਿਰਕਤ ਕਰਨ ਗਏ ਤਾਂ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਜੋਂ ਇਸ ਟੁਕੜੀ ਦਾ ਮੁਆਇਨਾ ਕੀਤਾ, ਜਿਸ ਵਿੱਚ ਸਤਿਗੁਰੂ ਜੀ ਸ਼ਾਮਲ ਸਨ। ਸ੍ਰੀ ਸਤਿਗੁਰੂ ਜੀ ਨੇ ਰਾਇਆਂ ਨਿਵਾਸ ਕਰਦਿਆ, ਪੰਜਾਬ ਦੇ ਪੇਂਡੂ ਜੀਵਨ ਨੂੰ ਬੜੀ ਨੇੜਤਾ ਨਾਲ ਦੇਖਿਆ ਸੀ ਅਤੇ ਫ਼ੌਜ ਵਿੱਚ ਨੌਕਰੀ ਕਰਦਿਆ ਆਪ ਪੰਜਾਬ ਦੇ ਰਾਜਨਿਤਿਕ ਪੱਖ ਤੋਂ ਵੀ ਜਾਣੂ ਹੋ ਗਏ ਸਨ। ਪੰਜਾਬ ਦੇ ਹਾਲ ਨੂੰ ਦੇਖਦਿਆਂ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਅਲੋਪ ਹੋ ਗਈ ਸੀ। ਹਰ ਤਰ੍ਹਾਂ ਦੇ ਨਸ਼ੇ ਦਾ ਚਲਣ ਨਾਲ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਰਾਜਿਆਂ-ਮਹਾਰਾਜਿਆਂ ਦਾ ਆਪਸੀ ਲੜਾਈ ਪੰਜਾਬ ਨੂੰ ਖੋਖਲਾ ਕਰ ਰਹੀ ਸੀ, ਜਿਸ ਨੂੰ ਦੇਖ ਸਤਿਗੁਰੂ ਜੀ ਹੁਕਮ ਕਰਿਆ ਕਰਦੇ ਸਨ ਕਿ ਪੰਜਾਬ ਵਿੱਚ ਅੰਗ੍ਰੇਜ਼ੀ ਵਾਜੇ ਵੱਜਣਗੇ। ਸਤਿਗੁਰੂ ਜੀ ਦੀ ਸੈਨਿਕ ਟੁਕੜੀ ਕਿਸੇ ਸਰਕਾਰੀ ਕੰਮ ਵਾਸਤੇ ਹਜ਼ਰੋਂ ਸਾਹਿਬ ਗਈ, ਸਰਕਾਰੀ ਖ਼ਜ਼ਾਨਾ ਪਛੌਰ ਤੋਂ ਆਉਣਾ ਸੀ, ਇਕ ਖਾਸ ਪੇਟੀ ਜੋ ਸਿਰਫ਼ ਆਪਾਤਕਾਲੀਨ ਮੌਕੇ ਤੇ ਤੋੜੀ ਜਾਂਦੀ ਹੈ। ਸਤਿਗੁਰੂ ਬਾਲਕ ਸਿੰਘ ਜੀ ਤੋਂ ਆਗਿਆ ਲੈ ਕੇ ਹਜਰੋਂ ਦੀ ਸੈਨਾ ਉਸ ਪੇਟੀ ਨੂੰ ਤੋੜਨਾ ਚਾਹੁੰਦੀ ਸੀ ਪਰ ਸਤਿਗੁਰੂ ਬਾਲਕ ਸਿੰਘ ਜੀ ਨੇ ਇੰਤਜ਼ਾਰ ਕਰਨ ਦਾ ਹੁਕਮ ਦਿੱਤਾ। ਕੰਵਰ ਨੌਂ ਨਿਹਾਲ ਸਿੰਘ ਦੀ ਪਲਟਨ ਦੇ ਕਰੀਬ 25 ਸੈਨਿਕ ਹਜ਼ਰੋਂ ਜਾਂਦੇ ਹਨ। ਪਹਿਲੇ ਦਿਨ ਬਾਬਾ ਜਮੀਤ ਸਿੰਘ ਗਿੱਲ ਜਿਲ੍ਹਾਂ ਸਿਆਲਕੋਟ ਦਰਸ਼ਨ ਕਰਨ ਜਾਂਦੇ ਹਨ ਅਤੇ ਆ ਕੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੀ ਉਪਮਾ ਬਾਕੀ ਫ਼ੌਜੀਆਂ ਨੂੰ ਸੁਣਾਉਂਦੇ ਹਨ। ਦੂਜੇ ਦਿਨ ਸਤਿਗੁਰੂ ਰਾਮ ਸਿੰਘ ਜੀ ਦਰਸ਼ਨ ਕਰਨ ਜਾਂਦੇ ਨੇ ਅਤੇ ਨਾਲ 25 ਸਿੰਘ ਹੋਰ ਨਾਲ ਸੀ। ਜਦੋਂ ਸਤਿਗੁਰੂ ਰਾਮ ਸਿੰਘ ਜੀ ਗੱਲ ਪੱਲਾ ਪਾ ਕੇ ਨਾਮ ਦੀ ਬੇਨਤੀ ਕਰਦੇ ਹਨ ਤਾਂ ਸਤਿਗੁਰੂ ਬਾਲਕ ਸਿੰਘ ਜੀ ਫ਼ਰਮਾਉਂਦੇ ਹਨ, ਆਓ ਠਾਕੁਰ ਜੀ ਤੁਹਾਨੂੰ ਹੀ ਉਡੀਕਦੇ ਸੀ ਨਾਲ ਪਾਠ ਦਾ ਪ੍ਰਕਰਨ ਚਲ ਰਿਹਾ ਸੀ।

(ਠਾਕੁਰ ਤੁਮ ਸਰਣਾਈ ਆਇਆ)

ਬਾਹੋਵਾਲ ਜੀ ਲਿਖਦੇ ਹਨ ਕਿ ਉਸ ਵੇਲੇ ਸਤਿਗੁਰੂ ਬਾਲਕ ਸਿੰਘ ਜੀ 5 ਪੈਸੇ ਨਾਲ ਨਾਰੀਅਲ ਅਰਪਨ ਕੀਤਾ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰਤਾ ਦੀ ਦਾਤ ਬਖ਼ਸ਼ੀ ਨਾਲ ਹੀ ਹੁਕਮ ਕੀਤਾ ਕਿ ਐਸਾ ਪੰਥ ਸਾਜੋ ਜਿਸਦੀ ਜਗ ਵਿੱਚ ਨਿਆਰੀ ਸ਼ਾਨ ਹੋਵੇ ਅਤੇ ਬਹੁਤ ਵਰ ਖੁਸ਼ੀਆਂ ਬਖ਼ਸ਼ੇ। ਸਤਿਗੁਰੂ ਰਾਮ ਸਿੰਘ ਜੀ ਆਪਣੇ ਹੁਕਮਨਾਮਿਆਂ ਵਿੱਚ ਲਿਖਦੇ ਹਨ ਕਿ ਜਦੋਂ ਮੈਂ ਸਤਿਗੁਰੂ ਬਾਲਕ ਸਿੰਘ ਜੀ ਦੀ ਸ਼ਰਨ ਵਿੱਚ ਆਇਆ ਮੇਰੇ ਮਨ ਨੂੰ ਸ਼ਾਤੀ ਮਿਲ ਗਈ। ਇਨ੍ਹਾਂ ਸ਼ਬਦਾਂ ਨਾਲ ਵਿਰਕ ਜੀ ਨੇ ਸਮਾਪਤੀ ਕਰ ਦਿੱਤੀ।

**ਸੰਤ ਦਰਸ਼ਨ ਸਿੰਘ ਸ਼ਾਸਤ੍ਰੀ ਵੇਦਾਤਾਂ ਚਾਰਯ ਕਾਸ਼ੀ ਵਾਲਿਆਂ (1-10-2022)** ਨੇ ਜਾਪੁ ਕੀ ਹੈ- ਨਾਮ ਕੀ ਹੈ ਬਾਰੇ ਦੱਸਦਿਆਂ ਕਿਹਾ ਜਪੁ ਦੇ ਦੋ ਅੱਖਰ ਹਨ- 'ਜ' ਜੋ ਹੈ ਮਨੁਖਾ ਜਨਮ ਮਿਲਿਆ ਹੈ ਉਸਨੂੰ ਸਫ਼ਲਾ ਕਰਨਾ ਹੈ। ਉਸਨੂੰ ਓੱਜਲ ਕਰਨ ਲਈ 'ਪ' ਜੋ ਪਾਪ ਕਰਮ ਕੀਤੇ ਹਨ। ਸਿਮਰਨ ਕਰਕੇ ਪਾਪਾਂ ਦਾ ਨਾਸ਼ ਕਰਨਾ ਹੈ ਅਤੇ ਨਾਮ ਦੇ ਰੰਗ

ਵਿੱਚ ਰੰਗ ਕੇ ਜਨਮ ਸਫ਼ਲ ਹੋਵੇਗਾ।

ਨਾਮ ਜਪਣਾ ਕਿਵੇਂ ਹੈ? ਨਾਮ ਵਿਧੀ ਅਨੁਸਾਰ ਜਪਿਆ ਜਾਵੇਗਾ ਤਾਂ ਹੀ ਫਲੀਭੂਤ ਹੋਵੇਗਾ। ਇਹ ਵਿਧੀ ਸਤਿਗੁਰੂ ਤੋਂ ਸੰਤਾਂ ਪੁਰਸ਼ਾਂ ਤੋਂ ਪਤਾ ਲਗਦਾ ਹੈ। ਅੰਮ੍ਰਿਤ ਵੇਲੇ ਉੱਠ ਇਸ਼ਨਾਨ ਕਰ, ਮਨ ਨੂੰ ਗੁਰੂ ਚਰਨਾਂ ਨਾਲ ਜੋੜਕੇ, ਗੁਰੂ ਬਿਰਤੀ ਇਕਾਗਰ ਕਰਕੇ ਨਾਮ ਜਪਣਾ ਹੈ।

ਫਿਰ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਕੀ ਫਲ ਮਿਲਦਾ ਹੈ? ਇਸ ਬਾਰੇ ਸੰਤ ਜੀ ਨੇ ਦੱਸਿਆ ਕਿ ਦਰਸ਼ਨ ਕੀਤਿਆਂ ਜਨਮ ਮਰਨ ਦਾ ਦੁੱਖ ਕੱਟਿਆ ਜਾਂਦਾ ਹੈ। ਸਤਿਗੁਰੂ ਨੂੰ ਮਿਲਣ ਲਈ ਤਾਂ ਸਾਰਾ



ਜਗਤ ਹੀ ਲੋਚਾ ਰੱਖਦਾ ਹੈ ਪਰ ਚੰਗੀ ਕਿਸਮਤ ਤੋਂ ਬਿਨਾਂ ਸਤਿਗੁਰੂ ਦਾ ਦਰਸ਼ਨ ਨਹੀਂ ਹੁੰਦਾ ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ ਰੋਇ॥

ਜਪੁ-ਪ੍ਰਯੋਗ ਦਾ ਫਾਇਦਾ ਉਸੇ ਨੂੰ ਮਿਲਦਾ ਹੈ ਜੋ-ਪੂਰਨ ਵਿਧੀ ਅਨੁਸਾਰ ਸਤਿਗੁਰੂ ਜੀ ਦੀ ਦੱਸੀ ਮਰਿਆਦਾ ਅਨੁਸਾਰ ਨਾਮ ਸਿਮਰਨ ਕਰਦਾ ਹੈ। ਫਾਇਦਾ ਉਸੇ ਨੂੰ ਮਿਲਦਾ ਹੈ ਜਿਸਨੇ ਸੱਚੇ ਦਿਲੋਂ ਸੱਚੀ ਸਾਧਨਾ ਕੀਤੀ ਹੈ। ਜਪ ਪ੍ਰਯੋਗ ਮਨ ਅਤੇ ਤਨ ਦੋਹਾਂ ਨੂੰ ਸਾਧ ਕੇ ਤੁਹਾਨੂੰ ਆਤਮਾ ਅਤੇ ਪ੍ਰਮਾਤਮਾ ਦੀ ਝਲਕ ਦਿਖਾਉਂਦੇ ਹਨ। ਨਾਮ ਜਪ ਕੇ ਆਤਮਾ ਸ਼ੁਧ ਹੁੰਦੀ ਹੈ ਅਤੇ ਪ੍ਰਮਾਤਮਾਂ ਨੂੰ ਮਿਲਣ ਦਾ ਰਾਹ ਸੁਖਾਲਾ ਹੋ ਜਾਂਦਾ ਹੈ। ਜਨਮਾਂ ਵਿੱਚ ਕੀਤੇ ਪਾਪ-ਪੁੰਨ ਕਰਮਾਂ ਤੋਂ ਨਿਜਾਤ ਪਾਉਣ ਲਈ ਪ੍ਰਭੂ ਦਾ ਸਿਮਰਨ ਕਰਕੇ ਪ੍ਰਭੂ ਨੂੰ ਮਿਲਣ ਲਈ ਯਤਨ ਕਰਨਾ ਹੈ। ਫਿਰ ਗੁਰਸਿਖ ਉਥੇ ਪੁੱਜ ਜਾਂਦਾ ਹੈ ਜਿਥੇ ਭੁੱਖ ਨਹੀਂ ਲਗਦੀ। ਜਿਥੇ ਦੁੱਖ ਨਹੀਂ ਭਾਸਦੇ। ਜਿਥੇ ਵਿਛੋੜਾ ਨਹੀਂ ਮਹਿਸੂਸ ਹੁੰਦਾ। ਜਿਥੇ ਬੁਢਾਪਾ ਨਜ਼ਰ ਨਹੀਂ ਆਉਂਦਾ। ਬਸ ਬੇਗਮਪੁਰੇ ਪਹੁੰਚਣਾ ਹੈ। ਸੋ ਉਸ ਮੰਜ਼ਿਲ ਤੱਕ ਪਹੁੰਚਣ ਲਈ ਆਪਣੇ ਸਤਿਗੁਰੂ ਜੀ ਦੇ ਦੱਸੇ ਮਾਰਗ ਤੇ ਚੱਲ ਕੇ ਆਪਣੇ ਜਨਮ ਨੂੰ ਸਫ਼ਲਾ ਬਨਾਉਣਾ ਹੈ। ਇਨ੍ਹਾਂ ਸ਼ਬਦਾਂ ਨਾਲ ਉਨ੍ਹਾਂ ਨੇ ਸਮਾਪਤੀ ਕਰ ਦਿੱਤੀ।

**ਲੰਗਰ–** ਸਤਿਗੁਰੂ ਰਾਮ ਸਿੰਘ ਜੀ ਜਦੋਂ ਤੋਂ ਸ੍ਰੀ ਭੈਣੀ ਸਾਹਿਬ ਲੋਹ ਗੱਦੀ ਉਸ ਸਮੇਂ ਤੋਂ ਲੈ ਕੇ ਅੱਜ ਤੱਕ ਉਹ ਨਿਰਵਿਘਨ ਚੱਲ ਰਹੀ ਹੈ। ਲੰਗਰ ਵਿੱਚ ਲਾਂਗਰੀ ਸਿੰਘਾਂ ਅਤੇ ਸੇਵਾਦਾਰਾਂ ਨੇ ਬਹੁਤ ਸੇਵਾ ਕੀਤੀ। ਅਨੇਕਾਂ ਤਰ੍ਹਾਂ ਦੇ ਪਦਾਰਥ ਬਣਦੇ ਰਹੇ। ਮਾਤਾ ਜੀ ਦੀ ਵਿਸ਼ੇਸ਼ ਕਿਰਪਾ ਸਦਕਾ ਦੱਖਣੀ ਭਾਰਤ ਦੀਆਂ ਪਦਾਰਥਕ ਵੰਨਗੀਆਂ ਵੀ ਇਸ ਸਾਲ ਲੰਗਰ ਵਿੱਚ ਦੇਖਣ ਨੂੰ ਮਿਲੀਆਂ। ਜਲੇਬੀਆਂ, ਬੂੰਦੀ, ਲੱਡੂ, ਵੇਸਣ ਆਦਿ ਮਿਠਾਸ ਪਦਾਰਥ ਬਣਦੇ ਰਹੇ। ਸੋਧ ਦਾ ਲੰਗਰ



ਦੋ ਹਿੱਸਿਆਂ ਵਿੱਚ ਇਸਤਰੀਆਂ ਅਤੇ ਭਾਈਆਂ ਦਾ ਵੱਖ-ਵੱਖ ਵਰਤਦਾ ਰਿਹਾ। ਦੂਸਰਾ ਲੰਗਰ ਵੱਡੇ ਹਾਲ ਵਿੱਚ ਨਿਰਵਿਘਨ ਵਰਤਦਾ ਰਿਹਾ।

**ਸੇਵਾਦਾਰ–** ਸ੍ਰੀ ਭੈਣੀ ਸਾਹਿਬ ਵੱਖ-ਵੱਖ ਸੇਵਾਵਾਂ ਵਿੱਚ ਸੈਂਕੜੇ ਸੇਵਾਦਾਰਾਂ ਨੇ ਦਿਨ ਰਾਤ ਸੰਗਤ ਦੀ ਸੇਵਾ ਕੀਤੀ। ਪਹਿਰੇਦਾਰ ਹਰ ਦਰਵਾਜੇ ਤੇ ਡਿਊਟੀ ਦਿੰਦੇ ਰਹੇ। ਤਬੇਲੇ ਦੇ ਸੇਵਾਦਾਰ, ਬਿਜਲੀ ਦੀ ਸੇਵਾ ਕਰਨ ਵਾਲੇ, ਕਮਰੇ ਵਾਲੇ, ਝਾੜੂ ਦੀ ਸੇਵਾ ਕਰਨ ਵਾਲੇ ਆਦਿ ਸਾਰੇ ਸੇਵਾਦਾਰਾਂ ਨੇ ਸੇਵਾ ਕੀਤੀ।

**ਅਰਦਾਸ–** ਸਵੇਰੇ ਅਰਦਾਸ 2:30 ਵਜੇ ਹੁੰਦੀ ਰਹੀ 4 ਵਜੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਹੁੰਦਾ। ਦੁਪਹਿਰ ਦੀ ਅਰਦਾਸ 12 ਵਜੇ ਹੁੰਦੀ। ਕਥਾ, ਦੀਵਾਨ, ਕਵੀਸ਼ਰੀ, ਮਾਨ-ਸਨਮਾਨ ਆਦਿ ਵੱਖ-ਵੱਖ ਪ੍ਰੋਗਰਾਮ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੁੰਦੇ ਰਹੇ। 13 ਤਰੀਖ ਨੂੰ ਪ੍ਰਯੋਗ ਦੀ ਸਮਾਪਤੀ ਦੀ ਅਰਦਾਸ 4 ਵਜੇ ਹੋਈ ਤੇ ਮੇਲੇ ਦੀ ਆਰੰਭਤਾ ਹੋ ਗਈ।

**ਉੱਜਲ ਕੌਰ, ਨਵਨੀਤ ਕੌਰ**

# ਕਨੇਡਾ - ਅਮਰੀਕਾ ਦੌਰਾ

**17 ਸਤੰਬਰ 2022–** ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ 'ਚ ਹਜ਼ੂਰੀ ਰਾਗੀ ਬਲਵੰਤ ਸਿੰਘ, ਬਸੰਤ ਸਿੰਘ ਤੇ ਤਬਲੇ ਦੀ ਸੰਗਤ ਹਰਪ੍ਰੀਤ ਸਿੰਘ ਅਤੇ ਗੁਰਦਿੱਤ ਸਿੰਘ ਨੇ ਕੀਤਾ। ਆਸਾ ਦੀ ਵਾਰ ਉਪਰੰਤ ਸੰਗਤ ਨੂੰ ਲੰਗਰ ਏਸੇ ਜਗ੍ਹਾ ਹੀ ਵਰਤਾਇਆ ਗਿਆ। ਸ੍ਰੀ ਸਤਿਗੁਰੂ ਜੀ ਸੁਬੇਗ ਸਿੰਘ ਦੇ ਘਰੋਂ ਹੋ ਕੇ ਕੁਝ ਸੰਗਤ ਸਹਿਤ ਇਕ ਪਹਾੜੀ ਤੇ ਸੈਰ ਕਰਨ ਪਧਾਰੇ। ਖੁਸ਼ਕ ਪਹਾੜੀ ਤੇ ਅਖੀਰ ਸਿਖਰ ਤੇ ਜਾਣ ਦੀ ਸਵਾ ਘੰਟੇ ਦੀ Hiking ਸੀ। ਏਥੇ L.A. ਦੇ ਏਰੀਏ ਵਿੱਚ ਬਰਸਾਤ ਨਾਂ-ਮਾਤਰ ਹੀ ਹੁੰਦੀ ਹੈ, ਕਈ ਵੇਰ ਤਾਂ ਦੋ-ਦੋ ਸਾਲ ਤੱਕ ਬਰਸਾਤ ਹੁੰਦੀ ਹੀ ਨਹੀਂ, ਇਸ ਲਈ ਏਥੋਂ ਦੇ ਪਹਾੜ ਖੁਸ਼ਕ ਹਨ- ਪਰ ਕੁਦਰਤ ਦੇ ਹਰ ਰੂਪ ਦੀ ਆਪਣੀ ਵਿਲੱਖਣ ਖੂਬਸੂਰਤੀ ਹੁੰਦੀ ਹੈ। ਸ੍ਰੀ ਸਤਿਗੁਰੂ ਜੀ ਨਾਲ ਸੈਰ ਕਰਨ ਗਏ, ਸਿੱਖਾਂ-ਸੇਵਕਾਂ, ਨੌਜੁਆਨਾਂ ਅਤੇ ਬੱਚਿਆਂ ਨੂੰ ਆਪ ਜੀ ਇਕ ਅਪਣੱਤ ਭਰੀ ਨੇੜਤਾ ਦਾ ਅਹਿਸਾਸ ਹੁੰਦਾ ਹੈ ਹਾਸ-ਵਿਲਾਸ ਹੋਣਾ, ਕੋਈ ਵੀ ਅਰਜ਼ ਜਾਂ ਕੋਈ ਸ਼ੰਕਾ ਦੇ ਸਮਾਧਾਨ ਕਈ ਸੁਆਲ ਕਰ ਸਕਣਾ ਅਤੇ ਸਤਿਗੁਰੂ ਜੀ ਨਾਲ ਯਾਦਗਾਰੀ ਤਸਵੀਰਾਂ ਖਿਚਵਾ ਸਕਣੀਆਂ। ਵਾਪਸੀ ਤੇ ਸ੍ਰੀ ਸਤਿਗੁਰੂ ਜੀ ਨੇ ਸ. ਗੁਰਮੀਤ ਸਿੰਘ ਦੇ ਘਰ ਚਰਨ ਪਾਏ। ਲੰਗਰ ਛਕਣ ਉਪਰੰਤ ਸਤਿਗੁਰੂ-ਸੱਚੇਪਾਤਸ਼ਾਹ ਸ. ਬਲਦੇਵ ਸਿੰਘ ਸਪੁੱਤਰ ਸੰਤ ਦਲੀਪ ਸਿੰਘ ਸੋਧੀ ਦੇ ਗਰ ਦਰਸ਼ਨ ਦਿੱਤੇ। ਅੱਜ ਤੋਂ ਡੇਰਾ ਇਸ ਘਰ ਹੈ ਜੋ ਕੱਲ ਤੱਕ ਡੇਰੇ ਦੀ ਏਥੇ ਹੀ ਕਿਰਪਾ ਹੋਵੇਗੀ। ਬਲਦੇਵ ਸਿੰਘ ਕਾਫ਼ੀ ਸਮਾਂ ਬੰਗਲੌਰ ਨਾਮਧਾਰੀ ਸੀਡਜ ਕੰਪਨੀ 'ਚ ਕੰਮ ਕਰਦਾ ਰਿਹਾ ਹੈ।

**ਨਾਮ-ਸਿਮਰਨ ਅਤੇ ਕਥਾ–** ਸ਼ਾਮੀਂ 4 ਤੋ 5 ਵਜੇ ਤੱਕ ਨਾਮ ਸਿਮਰਨ ਦੌਰਾਨ ਸੇਵਕ ਹਰਪਾਲ ਸਿੰਘ ਨੇ ਕਥਾ ਕੀਤੀ। ਵਿਆਖਿਆ ਸਾਰ: ਅਨਮੋਲਕ ਰਤਨ 'ਨਾਮ' ਧੁਰ ਕੀ ਬਾਣੀ ਗੁਰਬਾਣੀ, ਗੁਰਮੁਖੀ ਬਾਣਾ ਅਤੇ ਸਾਤਵਿਕ ਖਾਣੇ ਬਾਰੇ ਗੁਰਮਤਿ ਦੀ ਰੌਸ਼ਨੀ ਵਿੱਚ ਵਿਆਖਿਆ ਕਰਦਿਆਂ ਆਪ ਨੇ ਕਿਹਾ: ਵੱਡੇ ਭਾਗ ਹੋਣ ਤਾਂ ਪੂਰਾ ਸਤਿਗੁਰੂ ਮਿਲਦਾ ਹੈ। ਨਾਮ ਰਤਨ ਸਤਿਗੁਰੂ ਤੋਂ ਹੀ ਪ੍ਰਾਪਤ ਹੋ ਸਕਦਾ ਹੈ। ਸਿੱਖ, ਪੂਰੇ ਸਤਿਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ, ਸ਼ਰਧਾ, ਪ੍ਰੇਮ ਅਤੇ ਭਗਤੀ ਭਾਵ ਨਾਲ ਨਾਮ ਜੱਪਕੇ ਜੀਵਨ ਮੁਕਤ ਹੋ ਸਕਦਾ ਹੈ। ਲੋਕ ਸੁਖੀਏ ਪ੍ਰਲੋਕ ਸੁਹੇਲੇ ਦੀ ਪ੍ਰਾਪਤੀ ਹੁੰਦੀ ਹੈ। ਨਾਮ ਮਿਲਦਾ ਵੀ ਸਤਿਗੁਰੂ ਤੋਂ ਹੀ ਹੈ ਅਤੇ ਜੱਪਿਆ ਵੀ ਸਤਿਗੁਰੂ ਦੀ ਕਿਰਪਾ ਨਾਲ ਹੀ ਜਾਂਦਾ ਹੈ। ਅਸੀਂ ਵੇਖਦੇ ਹਾਂ ਕਿ ਨਾਮ ਜੱਪਿਆ ਵੀ ਉਥੇ ਹੀ ਜਾਂਦਾ ਹੈ ਜਿਥੇ ਨਾਮ ਦਾ ਦਾਤਾ ਸਤਿਗੁਰੂ ਹੈ। ਇਹ ਸਤਿਗੁਰੂ ਨਾਨਕ ਦੇਵ ਜੀ, ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦਾ ਦਰਬਾਰ ਹੈ ਜਿਥੇ ਨਾਮ ਜੱਪਿਆ ਜਾਂਦਾ ਹੈ। ਨਾਮ ਬੀਜ ਰੂਪ ਹੈ, ਸਾਰੇ ਵੇਦ, ਗ੍ਰੰਥ, ਸ਼ਾਸਤ੍ਰ ਨਾਮ ਦੀ ਵਿਆਖਿਆ ਹੀ ਹਨ ਜਿਵੇਂ ਬੀਜ ਦੀ ਵਿਆਖਿਆ ਹੀ ਹੈ, ਪੂਰਾ ਵਿਸ਼ਾਲ ਰੁੱਖ, ਫੁੱਲ ਅਤੇ ਫਲ। ਗੁਰਮਤਿ ਫਲਸਫ਼ੇ ਦਾ ਦੂਸਰਾ ਮਹੱਤਵਪੂਰਨ ਪਹਿਲੂ ਹੈ- 'ਗੁਰਬਾਣੀ' ਕੰਠ ਕਰ ਲੈਣੀ- ਔਰ ਗੁਰਬਾਣੀ ਸ਼ੁੱਧ ਪੜ੍ਹਨ ਦਾ ਹੁਕਮ ਹੈ ਅਤੇ ਇਹ ਵੀ ਹੁਕਮ ਹੈ ਅਰਦਾਸ ਕਰਨੀ ਕਿ ਹੇ ਗੁਰੂ ਸਾਹਿਬ ਗੁਰਬਾਣੀ ਦਾ ਭਾਵ ਸਾਡੇ ਹਿਰਦੇ ਤੇ ਵੱਸੇ।

ਗੁਰਮਤਿ ਮਾਰਗ ਦੇ ਪਾਂਧੀਆਂ ਲਈ ਤੀਸਰਾ ਮਹੱਤਵਪੂਰਨ ਪਹਿਲੂ ਹੈ 'ਬਾਣਾ' ਗੁਰਮੁਖੀ ਬਾਣਾ। ਭਾਵ ਉਹ ਪਹਿਰਾਵਾ ਜੋ ਗੁਰੂ ਨੂੰ ਪ੍ਰਵਾਨ ਹੋਵੇ। ਜੋ ਬਾਣਾ ਪਹਿਨਣ ਨਾਲ ਅਸੀਂ ਗੁਰਮੁਖ ਬਣ ਸੱਕੀਏ ਗੁਰ ਦਰ ਪ੍ਰਵਾਨ ਹੋਈਏ। ਬਾਣਾ ਸਾਨੂੰ ਬਹੁਤ ਸਾਰੇ ਮੰਦੇ ਕਰਮ ਕਰਨ ਤੋਂ ਵਰਜਦਾ ਹੈ, ਸ਼ਰਮ ਹੀ ਆ ਜਾਂਦੀ ਹੈ ਕਿ ਮੈਂ ਭੇਖ ਸਿੱਖਾਂ ਵਾਲਾ ਧਾਰਿਆ ਹੈ, ਲੋਕ ਕੀ ਆਖਣਗੇ ਜੇ ਮੈਂ ਸ਼ਰਾਬ ਦੀ ਦੁਕਾਨ ਦੇ ਨੇੜੇ ਵੀ ਖਲੋਵਾਂਗਾ। ਗੁਰੂ ਦਾ ਬਾਣਾ ਪਹਿਨਣ ਨਾਲ ਸਤਿਗੁਰੂ ਅੰਗ-ਸੰਗ ਸਹਾਈ ਹੁੰਦਾ ਹੈ, ਗੁਰੂ ਨੂੰ ਬਾਣੇ ਦੀ ਲਾਜ ਹੁੰਦੀ ਹੈ। ਗੁਰਮੁਖੀ ਬਾਣਾ ਪਹਿਨਿਆਂ ਹੋਣ ਕਰਕੇ ਹੀ ਵੇਸਵਾ ਦੇ ਦਰ ਤੇ ਪਹਿਰੂ ਦੇ ਰੂਪ ਵਿੱਚ ਖੜ੍ਹੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਭਾਈ ਜੋਗਾ ਸਿੰਘ ਨੂੰ ਕਿਹਾ ਸੀ: "ਤੇੜ ਕਛਹਿਰਾ ਤੇ ਸਿਧੀ ਪੱਗ, ਸਿੱਖ ਹੋਇਕੇ ਕਰੇ ਅਪਰਾਧ।" ਉਸਨੂੰ ਮੰਦੇ ਕਰਮੋਂ ਵਰਜਿਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦਾ ਵਿਦਿਅਕ ਸੰਮੇਲਨ ਸਮੇਂ ਦੇ ਉਪਦੇਸ਼ ਦਾ ਬਚਨ ਹੈ: ਜਦੋਂ ਤੁਸੀਂ ਨਾਮਧਾਰੀ ਪਹਿਰਾਵਾ ਪਾ ਲੈਂਦੇ ਹੋ ਤਾਂ ਤੁਸੀਂ ਸਤਿਗੁਰੂ ਰਾਮ ਸਿੰਘ ਜੀ ਦੇ ਰੂਪ ਵਿੱਚ ਤਬਦੀਲ ਹੋ ਜਾਂਦੇ ਹੋ। ਇਕ ਵੇਰ ਰੇਲ ਵਿੱਚ ਸਫ਼ਰ ਕਰਦਿਆਂ ਆਪਣੇ ਮਾਤਾ-ਪਿਤਾ ਨਾਲ

ਨਾਮਧਾਰੀ ਪਹਿਰਾਵੇ ਵਿੱਚ ਦੋ ਬੱਚਿਆਂ ਨੂੰ ਵੇਖ ਕੇ ਇਕ ਨਿਹੰਗ ਸਿੰਘ ਨੇ ਦੂਸਰੇ ਨੂੰ ਕਿਹਾ- ਵੇਖ ਓਇ! ਆ ਬੱਚੇ ਸਾਹਿਬਜ਼ਾਦਿਆਂ ਵਰਗੇ ਲਗਦੇ। ਸੋ ਅਸੀਂ ਗੁਰਮੁਖੀ ਬਾਣੇ ਦੇ ਧਾਰਣੀ ਹੋ ਕੇ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਵਰਗੇ ਬਣ ਸਕਦੇ ਹਾਂ।

ਕੋਈ ਵੀ ਵਿਅਕਤੀ ਜੋ ਬੋਲਦਾ ਹੈ, ਉਹ ਬਾਣੀ ਹੈ। ਪਰ ਗੁਰ ਬਾਣੀ ਗਿਆਨ ਅੰਜਨ ਹੈ, ਪ੍ਰਕਾਸ਼ ਹੈ, ਮਾਰਗ ਦਰਸ਼ਨ ਹੈ। ਧਰਮ, ਅਰਥ, ਕਾਮ, ਮੋਕਸ਼ ਆਦਿ ਜੀਵਨ ਦੇ ਹਰ ਪਹਿਲੂ ਦਾ ਗਿਆਨ ਗੁਰਬਾਣੀ ਤੋਂ ਹੀ ਪ੍ਰਾਪਤ ਹੁੰਦਾ ਹੈ। ਸਾਡੇ ਵਾਸਤੇ ਸਿਖਾਂ ਲਈ ਗੁਰੂ ਸਾਹਿਬ ਦੀ ਸ੍ਰੀ ਮੁਖ ਉਚਾਰਨ ਬਾਣੀ ਅਤੇ ਗੁਰੂ ਸਾਹਿਬ ਦੁਆਰਾ ਪ੍ਰਵਾਨ ਕੀਤੀ ਗਈ ਸੰਤਾਂ-ਭਗਤਾਂ ਦੀ ਉਚਾਰੀ ਬਾਣੀ ਵੀ ਗੁਰਮੁਖੀ ਦਾ ਦਰਜਾ ਹੀ ਰੱਖਦੀ ਹੈ। ਗੁਰਬਾਣੀ ਦਾ ਵਿਸ਼ਾਲ ਸੰਗ੍ਰਹਿ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਗਿਆਨ-ਸਾਗਰ ਹੈ ਆਦਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਪਾਤਸ਼ਾਹ ਦਾ ਸ੍ਰੀ ਮੁਖ ਉਚਾਰਨ ਦਸਮ ਗੁਰੂ ਗ੍ਰੰਥ ਸਾਹਿਬ। ਜਿਵੇਂ ਬਾਣੀਆਂ ਸਿਰਿ ਬਾਣੀ ਗੁਰਬਾਣੀ ਹੈ। ਇਸੇ ਤਰ੍ਹਾਂ ਦੁਨੀਆਂ ਭਰ ਵਿੱਚ ਅਨੇਕਾਂ ਗ੍ਰੰਥ ਹਨ, ਪਰ ਗ੍ਰੰਥਾਂ ਸਿਰਿ ਗ੍ਰੰਥ- ਗੁਰੂ ਗ੍ਰੰਥ ਹੈ। ਆਦਿ ਗੁਰੂ ਗ੍ਰੰਥ- ਭਾਵ ਆਦਿ ਗੁਰੂ ਨਾਨਕ ਦੇਵ ਅਤੇ ਨੌਵੇਂ ਪਾਤਸ਼ਾਹ ਤੱਕ ਛੇ ਗੁਰੂ-ਸਾਹਿਬ ਅਤੇ ਸੰਤਾਂ-ਭਗਤਾਂ ਦੀ ਬਾਣੀ ਦਾ ਗ੍ਰੰਥ। ਦਸਮ ਗੁਰੂ ਗ੍ਰੰਥ, ਭਾਵ ਦਸਵੇਂ ਗੁਰੂ ਸਾਹਿਬ ਦਾ ਗ੍ਰੰਥ। ਜੇ ਅਸੀਂ ਸਿਰਫ਼ ਦਸਮ ਗ੍ਰੰਥ ਆਖਦੇ ਹਾਂ ਤਾਂ ਇਸਦਾ ਭਾਵ ਹੋਵੇਗਾ- ਦਸਵਾਂ ਗ੍ਰੰਥ ਕਿ ਇਸਤੋਂ ਪਹਿਲੋਂ ਨੌਂ ਗ੍ਰੰਥ ਆਖਦੇ ਹਾਂ ਤਾਂ ਇਸਦਾ ਭਾਵ ਹੋਵੇਗਾ। ਦਸਵਾਂ ਗ੍ਰੰਥ ਕਿ ਇਸ ਤੋਂ ਪਹਿਲੋਂ ਨੌ ਗ੍ਰੰਥ ਹੋਰ ਹਨ ਪਰ ਦਸਮ ਗੁਰੂ ਗ੍ਰੰਥ ਹੀ ਸਪਸ਼ਟ ਕਰਦਾ ਹੈ ਕਿ ਦਸਵੇਂ ਗੁਰੂ ਸਾਹਿਬ ਦਾ ਗ੍ਰੰਥ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਨੇ ਗੁਰਬਾਣੀ ਦੀ ਕੁੰਜੀ ਕਿਹਾ ਹੈ। ਉਨ੍ਹਾਂ ਦੀ ਰਚਨਾਂ ਵੀ ਕੀਰਤਨ ਵਿੱਚ ਗੁਰਬਾਣੀ ਵਾਂਗ ਹੀ ਗਾਇਨ ਕੀਤੀ ਜਾਂਦੀ ਹੈ। ਗੁਰੂ ਸਾਹਿਬਾਨ ਦੇ ਰਹਿਤਨਾਮੇ, ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇਂ ਵੀ ਸਿੱਖਾਂ ਵਾਸਤੇ ਗੁਰਬਾਣੀ ਦਾ ਦਰਜਾ ਹੀ ਰਖਦੇ ਹਨ। ਨਾਮਧਾਰੀ ਸਿਖਾਂ ਵਾਸਤੇ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਅਤੇ ਵਰਤਮਾਨ ਸਤਿਗੁਰੂ ਜੀ ਦੇ ਰਿਕਾਰਡ ਉਪਦੇਸ਼ (ਪ੍ਰਵਚਨ) ਵੀ ਗੁਰਬਾਣੀ ਹੀ ਹਨ। ਕਿਉਂਕਿ ਸਿੱਖੀ ਦਾ ਵਿਧਾਨ ਹੈ- ਗੁਰ ਫੁਰਮਾਏ, ਗੁਰਮਖਿ ਕਰਨਾ। ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ- ਗੁਰਬਾਣੀ ਪੜ੍ਹਨੀ, ਜੇ ਕੰਠ ਨਾ ਹੋਵੇ ਤਾਂ ਕੰਠ ਕਰ ਲੈਣਾ।

ਗੁਰਮੁਖੀ ਜੀਵਨ ਦੇ ਇਕ ਹੋਰ ਬਹੁਤ ਹੀ ਮਹੱਤਵਪੂਰਨ ਪਹਿਲੂ ਹੈ ਸ਼ਾਕਾਹਾਰੀ 'ਖਾਣਾ' ਭਾਵ ਸਾਤਵਿਕ ਖਾਣਾ। ਦਸਾਂ-ਨਹੁੰਆਂ ਦੀ ਕਿਰਤ ਕਮਾਈ ਦਾ ਸੁੱਚ ਮਰਿਯਾਦਾ ਨਾਲ ਤਿਆਰ ਕੀਤਾ ਭੋਜਨ। ਜਿਸ ਭੋਜਨ ਖਾਣ ਨਾਲ ਤਨ ਰੋਗੀ ਹੋ ਜਾਵੇ ਅਤੇ ਮਨ ਵਿਕਾਰੀ ਹੋਵੇ ਐਸਾ ਅੰਨ-ਜਲ ਗ੍ਰਹਿਣ ਕਰਨਾ ਗੁਰਮਤਿ ਵਿੱਚ ਵਿਵਰਜਿਤ ਹੈ। ਜੋ ਗੁਰਮੰਤ੍ਰ ਦਾ ਧਾਰਣੀ ਨਹੀਂ, ਗੁਰਸਿੱਖ ਨਹੀਂ ਅਤੇ ਜੋ ਰਹਿਤ ਮਰਿਯਾਦਾ ਦਾ ਧਾਰਣੀ ਨਹੀਂ ਉਸਦੇ ਹੱਥੋਂ ਭੋਜਨ ਛਕਣ ਨਾਲ ਹਰੀ ਨਾਲੋਂ, ਭਗਵਾਨ ਨਾਲੋਂ ਪ੍ਰੀਤ ਵਿਸਰ ਜਾਂਦੀ ਹੈ। ਇਸਤੋਂ ਵੀ ਅੱਗੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਉਪਦੇਸ਼ ਹੈ ਕਿ ਜੇ ਮਾਵਾਂ ਲੰਗਰ ਤਿਆਰ ਕਰਦਿਆਂ ਨਾਮ ਜੱਪਣ ਜਾਂ ਬਾਣੀ ਪੜ੍ਹਨ ਤਾਂ ਉਸ ਪ੍ਰਸਾਦੇ ਵਿੱਚ ਅੰਮ੍ਰਿਤ ਵਰਗੀ ਸ਼ਕਤੀ ਆ ਜਾਵੇਗੀ ਜੋ ਛਕੇਗਾ ਉਹ ਸਿੱਖ ਬਣ ਜਾਵੇਗਾ, ਧਰਮੀਂ ਬਣੇਗਾ।

**ਇਸ ਲਈ ਗੁਰਸਿੱਖਾਂ ਲਈ-** ਗਿਆਨ ਦਾ ਸ੍ਰੋਤ- ਗੁਰਬਾਣੀ ਪੜ੍ਹਨੀ, ਮੁਕਤੀ ਦਾ ਸਾਧਨ ਨਾਮ-ਜੱਪਣਾ, ਸੁੱਚ ਮਰਿਯਾਦਾ ਦਾ (ਖਾਣਾ) ਲੰਗਰ ਛਕਣਾ ਅਤੇ ਗੁਰਮੁਖੀ ਬਾਣਾ ਪਹਿਨਣਾ- ਗੁਰਮਤਿ ਦੇ ਚਾਰ ਥੰਮ ਹਨ। ਇਸ ਤਰ੍ਹਾਂ ਉਪਰੋਕਤ ਗੁਰਮਤਿ ਫਲਸਫ਼ੇ ਬਾਰੇ ਕਈ ਸਾਖੀ-ਪ੍ਰਸਾਣ ਵੀ ਦੇ ਕੇ ਸੇਵਕ ਹਰਪਾਲ ਸਿੰਘ ਨੇ ਆਪਣੇ ਵਖਿਆਨ ਸੰਪੰਨ ਕੀਤਾ ਅਤੇ ਨਾਮ-ਸਿਮਰਨ ਦੀ ਅਰਦਾਸ ਹੋਈ।

ਉਪਰੰਤ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ। ਕੀਰਤਨ ਉਪਰੰਤ ਸ਼ਮਸ਼ੇਰ ਸਿੰਘ ਨੇ ਮੰਚ ਸੰਭਾਲਦਿਆਂ ਸ਼. ਪ੍ਰੀਤ ਸਿੰਘ ਨੂੰ ਪੇਸ਼ ਕੀਤਾ। ਇਹ ਦੌਰੇ ਦਾ ਮੇਲਾ ਮੁੱਖ ਰੂਪ 'ਚ ਸ. ਪ੍ਰੀਤ ਸਿੰਘ ਵਲੋਂ ਸੰਗਤ ਦੇ ਸਹਿਯੋਗ ਨਾਲ ਕੀਤਾ ਗਿਆ। ਉਪਰੰਤ ਸੰਤ ਗੁਰਦੇਵ ਸਿੰਘ ਜੀ ਪ੍ਰਧਾਨ ਮੰਚ ਤੋਂ ਸੰਗਤਾਂ ਨੂੰ ਸੰਬੋਧਨ ਹੋਏ: ਨਾਮਧਾਰੀ ਦੀਵਾਨ ਦੀ ਮਰਿਯਾਦਾ ਅਨੁਸਾਰ ਆਪ ਨੇ ਧੰਨ ਸਤਿਗੁਰੂ ਨਾਨਕ ਦੇਵ ਅਤੇ ਧੰਨ ਸਤਿਗੁਰੂ ਜਗਜੀਤ ਸਿੰਘ ਅਖਵਾਕੇ ਸ੍ਰੀ ਸਤਿਗੁਰੂ ਜੀ ਦੇ ਅਦਬ ਸਤਿਕਾਰ ਵਿੱਚ ਕੁਝ ਸ਼ਬਦ ਕਹੇ। ਆਪ ਨੇ ਕਿਹਾ- "ਹਜ਼ੂਰ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਅਪਾਰ ਬਖ਼ਸ਼ਿਸ਼ ਕੀਤੀ ਹੈ ਜੋ ਸਾਨੂੰ ਦੂਰ ਦੁਰਾਡੇ ਪ੍ਰਦੇਸ਼ਾਂ ਵਿੱਚ ਵਸਦਿਆਂ ਨੂੰ ਦਰਸ਼ਨ ਦੇ ਕੇ ਨਿਵਾਜ਼ਿਆ ਹੈ। ਉਹ ਧਰਤੀ ਧੰਨ ਹੋ ਜਾਂਦੀ ਹੈ ਜਿਥੇ ਸਤਿਗੁਰੂ ਸੱਚੇ ਪਾਤਸ਼ਾਹ ਚਰਨ ਪਾਉਂਦੇ ਹਨ।

ਕੋਰੋਨਾ ਦੇ ਭਿਆਨਕ ਦੌਰ ਬਾਅਦ ਚਾਰ ਸਾਲਾਂ ਦੇ ਲੰਮੇ ਅਰਸੇ ਪਿਛੋਂ ਸਤਿਗੁਰੂ ਸੱਚੇ ਪਾਤਸ਼ਾਹ ਦਰਸ਼ਨ ਦੇਣ ਦੀ

ਕਿਰਪਾ ਕੀਤੀ ਹੈ। ਕੋਰੋਨਾ ਕਾਲ ਸਮੇਂ ਜਿਥੇ ਹੋਰ ਸਭਾ ਸੋਸਾਇਟੀਆਂ ਨੇ ਲੋਕ ਸੇਵਾ ਕੀਤੀ, ਉਥੇ ਸਤਿਗੁਰੂ-ਸੱਚੇ ਪਾਤਸ਼ਾਹ ਦੀ ਬਖ਼ਸ਼ਿਸ਼ ਸਦਕਾ ਨਾਮਧਾਰੀ ਸੰਗਤ ਨੇ ਵੀ ਵਿਸ਼ੇਸ਼ ਕਰਕੇ ਨਾਮਧਾਰੀ ਨੌਜੁਆਨਾ ਨੇ ਜਥਾ ਸਕਤਿ ਲੋਕ ਸੇਵਾ ਵਿੱਚ ਭਰਪੂਰ ਯੋਗਦਾਨ ਪਾਇਆ ਹੈ। ਸਤਿਗੁਰੂ ਸੱਚੇ ਪਾਤਸ਼ਾਹ ਜੀਓ! ਇਹ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੀ ਸਾਜੀ ਨਿਵਾਜੀ ਸਿੱਖੀ ਫੁਲਵਾੜੀ ਆਪ ਜੀ ਦੀ ਸ਼ਰਨ ਹੈ। ਕਿਰਪਾ ਕਰੋ ਛੇਤੀ ਛੇਤੀ ਦਰਸ਼ਨ ਦੇ ਕੇ ਨਿਵਾਜ਼ਦੇ ਰਿਹਾ ਕਰੋ ਜੀ। ਸਾਡੇ ਸਭ ਦੇ ਸਿਰਾਂ ਤੇ ਮੇਹਰ ਭਰਿਆ ਹੱਥ ਰੱਖੋ ਜੀ। ਸੰਤ ਨਿਸ਼ਾਨ ਸਿੰਘ ਜੀ ਨੇ ਸ਼ਾਮ ਦੇ ਕੀਰਤਨ ਦੀ ਅਰਦਾਸ ਕੀਤੀ। ਉਪਰੰਤ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਛੋਟੇ ਬੱਚੇ-ਬੱਚੀਆਂ, ਜਿਨ੍ਹਾਂ ਨੇ ਸੰਗਤ ਵਿੱਚ ਕੁਝ ਵੀ ਗਾਇਨ ਵਾਦਨ ਆਦਿ ਕੀਤਾ ਆਪਣੇ ਕਰ ਕੰਵਲਾਂ ਦੁਆਰਾ ਗਲਾਂ ਵਿੱਚ ਯਾਦਗਾਰੀ ਮੈਡਲ ਪਾ ਕੇ ਨਿਵਾਜ਼ਿਆ। ਬੱਚੇ-ਬੱਚੀਆਂ ਹਨ: ਰਤਨ ਸਿੰਘ, ਅਰਸ਼ਪ੍ਰੀਤ ਸਿੰਘ, ਉੱਤਮ ਸਿੰਘ, ਨਿਹਾਲ ਸਿੰਘ, ਗਿਆਨ ਸਿੰਘ, ਨਿਸ਼ਾਨ ਸਿੰਘ, ਸੁਰਿੰਦਰ ਸਿੰਘ, ਜੀਤ ਸਿੰਘ, ਅਨੰਦ ਸਿੰਘ, ਗੁਰਮੁਖ ਸਿੰਘ, ਅਰਸ਼ ਕੌਰ, ਸਿਮਰਨ ਕੌਰ, ਗੁਰਦੇਵ ਕੌਰ, ਅਮਨ ਕੌਰ, ਨਰਿੰਦਰ ਕੌਰ, ਹਰਮੀਤ ਕੌਰ ਅਤੇ ਮਨਜੋਤ ਕੌਰ। ਉਪਰੰਤ ਸੰਗਤਾਂ ਨੂੰ ਲੰਗਰ ਵਰਤਾਇਆ ਗਿਆ। ਸ੍ਰੀ ਸਤਿਗੁਰੂ ਜੀ ਡੇਰੇ (ਬਲਦੇਵ ਸਿੰਘ) ਦੇ ਘਰ ਕਿਰਪਾ ਕੀਤੀ।

ਲਾਸ ਏਂਜਲਸ ਵਿਖੇ ਆਖਰੀ ਦਿਨ 18 ਜੁਲਾਈ: ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰਾਗੀ ਸਿੰਘਾਂ ਨੇ ਕਨਵੈਨਸ਼ਨ ਸੈਂਟਰ ਆਫ਼ ਓਟਾਂਰੀਓ ਦੇ ਹਾਲ ਵਿੱਚ ਹੀ ਆਸਾ ਦੀ ਵਾਰ ਦਾ ਕੀਰਤਨ ਕੀਤਾ। ਆਸਾ ਦੀ ਵਾਰ ਦੀ ਅਰਦਾਸ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਗਤਾਂ ਨੂੰ ਆਪਣੇ ਕਲਿਆਣਕਾਰੀ ਪ੍ਰਵਚਨਾਂ ਨਾਲ ਨਿਵਾਜ਼ਿਆ।

**ਸਦ ਉਪਦੇਸ਼:** ਪਰਮ ਸਤਿਕਾਰ ਯੋਗ ਸਾਧ ਸੰਗਤ ਜੀ, ਤਿੰਨ-ਚਾਰ ਦਿਨ ਤੋਂ ਏਥੇ ਤੁਹਾਡੇ ਦਰਸ਼ਨ ਕੀਤੇ ਹਨ, ਜਿਵੇਂ ਤੁਸੀਂ ਚਾਅ ਨਾਲ ਸ਼ਾਮ ਨੂੰ ਨਾਮ ਸਿਮਰਨ ਵਿੱਚ ਸਵੇਰੇ ਆਸਾ ਦੀ ਵਾਰ ਵਿੱਚ ਆਉਂਦੇ ਰਹੇ ਹੋ, ਬੱਚਿਆਂ ਨੂੰ ਲਿਆਉਂਦੇ ਰਹੇ ਹੋ, ਬਹੁਤ ਚੰਗਾ ਲੱਗਾ ਹੈ। ਜੋ ਤੁਸੀਂ ਸੇਵਾ ਕੀਤੀ ਹੈ, ਐਸੀ ਸੇਵਾ ਸਿੱਖੀ ਵਿੱਚ ਹੀ ਹੁੰਦੀ ਹੈ। ਕਿਸੇ ਨੇ ਥਕੇਵਾਂ-ਅਕੇਵਾਂ ਨਹੀਂ ਮਹਿਸੂਸ ਕੀਤਾ। ਇਹ ਸਿਰਫ਼ ਉਸ ਸਤਿਗੁਰੂ-ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਹੀ ਹੁੰਦਾ ਹੈ, ਜਿਨ੍ਹਾਂ ਨੇ ਇਹ ਸਿੱਖੀ ਬਖ਼ਸ਼ੀ ਹੈ। ਇਕ ਵੇਰ ਉਨ੍ਹਾਂ ਦੇ ਚਰਨਾਂ 'ਚ ਸੀਸ ਝੁਕਾਈਏ ਅਤੇ ਆਖੀਏ ਧੰਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।

ਸੱਚੇ ਪਾਤਸ਼ਾਹ ਕਿਰਪਾ ਕਰਨ। ਤੁਸੀਂ ਕੋਸ਼ਿਸ਼ ਕਰਦੇ ਹੋ, ਇਹ ਹਾਲ ਸਾਡੇ ਮਨ ਵਿੱਚ ਰਹੇ ਕਿ ਅੱਗੋ ਸਾਡੇ ਬੱਚੇ ਵੀ ਚੰਗੇ ਸਿੱਖ ਬਣ ਸਕਣ। ਕਿਰਪਾ ਸੱਚੇ ਪਾਤਸ਼ਾਹ ਨੇ ਕਰਨੀ ਹੈ ਪਰ ਸਾਡੀ ਮੰਗ ਜ਼ਰੂਰ ਇਹ ਹੋਵੇ ਬਖ਼ਸ਼ਿਸ਼ ਮੰਗੀਏ। ਕਰਮ ਵੀ ਉਨ੍ਹਾਂ ਦੀ ਕਿਰਪਾ ਤੋਂ ਬਿਨਾਂ ਨਹੀਂ ਹੁੰਦਾ। ਸਾਡੀ ਰੋਜ਼ਾਨਾ ਅਰਦਾਸ ਹੋਵੇ ਕਿ ਸੱਚੇ ਪਾਤਸ਼ਾਹ ਸਿੱਖੀ ਬਖਸ਼ੋ। ਕਿਉਂਕਿ ਸਿੱਖੀ ਵਿੱਚ ਹੀ ਨਾਮ ਆ ਜਾਂਦਾ ਹੈ, ਗੁਰ-ਚਰਨਾਂ ਦੀ ਪ੍ਰੀਤ ਆ ਜਾਂਦੀ ਹੈ, ਸਿੱਖੀ ਦੇ ਵਿੱਚ ਹੀ ਪ੍ਰੀਤ ਆ ਜਾਂਦੀ ਹੈ। ਜਦੋਂ ਅਸੀਂ ਸਿੱਖੀ ਨਾਲ ਜੁੜਨ ਲਗ ਜਾਂਦੇ ਹਾਂ ਤਾਂ ਸਾਡੇ ਅੰਦਰ ਸੁਖ ਆ ਜਾਂਦਾ ਹੈ। ਇਥੇ ਜਿਸ ਰੂਪ ਵਿੱਚ ਸਿੱਖੀ ਦਿਸਦੀ ਹੈ, ਤੁਹਾਡਾ ਸਭ ਦਾ ਯੋਗਦਾਨ ਹੈ, ਜਿਵੇਂ ਕਹਿੰਦੇ ਨੇ ਕਿ ਇਸ ਦੇਸ਼ ਵਿੱਚ ਮਟੀਟੀਅਲਇਜ਼ਮ (ਪਦਾਰਥਵਾਦ) ਦਾ ਪ੍ਰਭਾਵ ਬਹੁਤ ਜਿਆਦਾ ਹੈ ਬੇਸ਼ਕ ਇਸ ਤਰ੍ਹਾਂ ਦਾ ਪ੍ਰਭਾਵ ਸਾਰੀ ਦੁਨੀਆਂ ਵਿੱਚ ਹੀ ਹੈ ਪਰ ਜਿਨਾਂ ਨੇ ਬਹੁਤ ਮਿਹਨਤ ਕੀਤੀ ਹੈ ਜਿਨ੍ਹਾਂ ਤੋਂ ਸੱਚੇ ਪਾਤਸ਼ਾਹ ਨੇ ਕਿਰਪਾ ਕਰਕੇ ਬਹੁਤ ਸੇਵਾ ਕਰਵਾਈ ਹੈ, ਮੈਂ ਸਮਝਦਾ ਹਾਂ ਕਿ ਸੰਤ ਗੁਰਦੇਵ ਸਿੰਘ ਜੀ ਦਾ ਬਹੁਤ ਵੱਡਾ ਰੋਲ (ਯੋਗਦਾਨ) ਰਿਹਾ ਹੈ ਇਥੇ ਸੰਗਤ ਨੂੰ ਇਕੱਠੇ ਕਰਨ ਵਿੱਚ। ਉਨ੍ਹਾਂ ਨੂੰ ਅੱਜ ਤੋਂ ਸੂਬਾ ਪਦਵੀ ਨਾਲ ਸਤਿਕਾਰਿਆਂ ਜਾਂਦਾ ਹੈ। (ਸੰਗਤ ਨੇ ਜੈਕਾਰਾ ਗਜਾ ਕੇ ਆਪ ਜੀ ਦੀ ਇਸ ਬਖ਼ਸ਼ਿਸ਼ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ) ਸੱਚੇ ਪਾਤਸ਼ਾਹ ਕਿਰਪਾ ਕਰ, ਉਹ ਏਸੇ ਤਰ੍ਹਾਂ ਹੀ ਸੇਵਾ ਕਰਦੇ ਰਹਿਣ। ਏਥੇ ਸੰਗਤ ਹੋਰ ਵਧੇ। ਹੋਰ ਨਾਮ ਜੱਪਿਆ ਜਾਵੇ। ਇਨ੍ਹਾਂ ਤਿੰਨਾਂ ਦਿਨਾਂ ਵਿੱਚ ਜੋ ਸਤਿਸੰਗ ਹੋਇਆ ਹੈ, ਇਸ ਚੀਜ ਦਾ ਮੁੱਲ ਕੋਈ ਨਹੀਂ। ਜਿਹੜੀਆਂ ਘੜੀਆਂ ਨਾਮ ਜੱਪਦਿਆਂ ਲੰਘੀਆਂ ਨੇ, ਗੁਰਬਾਣੀ ਸੁਣਦਿਆਂ ਲੰਘੀਆਂ ਨੇ, ਜਿਨ੍ਹਾਂ ਸਮਾਂ ਤੁਹਾਡਾ ਧਿਆਨ ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਨਾਲ ਜੁੜਿਆਂ ਹੈ, ਉਹਦੀ ਕੋਈ ਕੀਮਤ ਪਾਈ ਹੀ ਨਹੀਂ ਜਾ ਸਕਦੀ। ਸੱਚੇ ਪਾਤਸ਼ਾਹ ਕਿਰਪਾ ਕਰਨ ਏਸੇ ਤਰ੍ਹਾਂ ਹੀ ਮੇਲੇ ਹੁੰਦੇ ਰਹਿਣ, ਸੰਗਤ ਵਧੇ-ਫੁੱਲੇ। ਸਤਿ ਸ੍ਰੀ ਅਕਾਲ।

ਉਪਰੰਤ ਸੰਗਤਾਂ ਨੂੰ ਲੰਗਰ ਏਥੇ ਹੀ ਕਨਵੈਨਸ਼ਨ ਸੈਂਟਰ ਵਿਖੇ ਲੰਗਰ ਵਰਤਾਇਆ ਗਿਆ। ਸ੍ਰੀ ਸਤਿਗੁਰੂ ਜੀ ਨੇ ਡੇਰੇ (ਸ. ਬਲਦੇਵ ਸਿੰਘ ਦੇ ਗ੍ਰਹਿ ਵਿਖੇ ਆ ਕੇ ਲੰਗਰ ਛਕਿਆ। ਲਾਸ ਏਂਜਲਸ ਦੌਰੇ ਸ੍ਰੀ ਸਤਿਗੁਰੂ ਜੀ ਨੇ ਜਿਨ੍ਹਾਂ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ, ਜਲਪਾਣੀ ਛਕਿਆ ਜਾਂ ਲੰਗਰ ਛਕਿਆ, ਉਨ੍ਹਾਂ ਸਿੰਘਾਂ ਦੇ ਕੇਵਲ ਨਾਮ

ਹੀ ਪਾਠਕਾਂ ਨਾਲ ਸਾਂਝੇ ਕਰਦੇ ਹਾਂ।

ਸ. ਸ਼ੁਬੇਗ ਸਿੰਘ ਅਤੇ ਸ. ਬਲਦੇਵ ਸਿੰਘ ਦੇ ਘਰ ਕਰੀਬ ਦੋ-ਦੋ ਦਿਨ ਡੇਰਾ ਰੱਖਣ ਦੀ ਕਿਰਪਾ ਕੀਤੀ। ਸ. ਗੁਰਮੀਤ ਸਿੰਘ ਅਤੇ ਨਵਦੀਪ ਸਿੰਘ ਦੇ ਘਰ ਲੰਗਰ ਅਤੇ ਸਤਨਾਮ ਸਿੰਘ ਦੇ ਘਰ ਜਲ ਪਾਣੀ ਛਕਿਆ। ਇਸ ਤੋਂ ਬਿਨਾਂ ਪ੍ਰੀਤ ਸਿੰਘ, ਬਲਵਿੰਦਰ ਸਿੰਘ, ਮਨਜੀਤ ਸਿੰਘ, ਆਨੰਦ ਸਿੰਘ, ਹਰਜਿੰਦਰ ਸਿੰਘ, ਨਰਾਇਣ ਸਿੰਘ, ਕੁਲਦੀਪ ਸਿੰਘ, ਤਰਲੋਚਨ ਸਿੰਘ ਅਤੇ ਨਰਿੰਦਰ ਸਿੰਘ ਦੇ ਘਰਾਂ ਵਿੱਚ ਚਰਨ ਪਾ ਕੇ ਨਿਵਾਜ਼ਿਆ।

**18 ਜੁਲਈ–** ਬਲਦੇਵ ਸਿੰਘ, ਬਿਸ਼ਨ ਸਿੰਘ ਅਤੇ ਬਲਵੰਤ ਸਿੰਘ ਦੇ ਘਰ ਲੰਗਰ ਛਕ ਕੇ ਸਤਿਗੁਰੂ ਸੱਚੇ ਪਾਤਸ਼ਾਹ 8 ਕੁ ਵਜੇ ਫਰਿਜ਼ਨੋ ਵਾਸਤੇ ਰਵਾਨਾ ਹੋਏ। ਏਥੋਂ ਸ੍ਰੀ ਸਤਿਗੁਰੂ ਜੀ ਅੰਮ੍ਰਿਤ ਪਾਲ ਸਿੰਘ ਕੱਲਾ ਦੀ ਗੱਡੀ ਵਿੱਚ ਜਾਣ ਦੀ ਕਿਰਪਾ ਕੀਤੀ।

ਕਰੀਬ ਸਾਢੇ ਚਾਰ ਘੰਟੇ ਦਾ ਕਾਰ ਦਾ ਸਫ਼ਰ ਕਰਕੇ ਸ੍ਰੀ ਸਤਿਗੁਰੂ ਜੀ ਸਿੱਖਾਂ-ਸੇਵਕਾਂ ਸਹਿਤ ਫਰਿਜ਼ਨੋਂ ਪਧਾਰੇ। ਫਰਿਜ਼ਨੋ (ਕੈਲੇਫੋਰਨੀਆਂ) ਸ਼ਹਿਰ ਵਿੱਚ ਕਰੀਬ ਚਾਰ ਪੰਜ ਹੀ ਨਾਮਧਾਰੀ ਪਰਿਵਾਰ ਰਹਿੰਦੇ ਹਨ। ਸਭ ਤੋਂ ਪਹਿਲੋਂ ਸ. ਕਰਨ ਸਿੰਘ (ਪਿਛੋਂ ਸੰਤ ਨਗਰ- ਹਰਿਆਣਾ) ਦੇ ਘਰ ਚਰਨ ਪਾਏ। ਦੂਸਰੇ ਘਰ ਗੁਰਦੇਵ ਸਿੰਘ (ਦਮਦਮਾਂ-ਹਰਿਆਣਾ ਤੋਂ) ਦੇ ਘਰ ਕਿਰਪਾ ਕੀਤੀ। ਉਸ ਤੋਂ ਬਾਅਦ ਇਕ ਗੋਰੇ ਦਾ ਬਹੁਤ ਵੱਡਾ ਡੇਅਰੀ ਫਾਰਮ ਵੇਖਿਆ ਏਥੇ ਕਰੀਬ 6-7 ਹਜ਼ਾਰ ਗਊਆਂ ਹਨ। ਸੰਤ ਨਗਰ ਨੇੜੇ ਡੇਰੇ ਦਾ ਨਿਵਾਸੀ ਹਰਜਿੰਦਰ ਸਿੰਘ ਇਸ ਡੇਅਰੀ ਫਾਰਮ ਵਿੱਚ ਦੁੱਧ ਵਾਲਾ ਟੈਂਕਰ ਚਲਾਉਂਦਾ ਹੈ ਅਤੇ ਇਕ ਨੌਜੁਆਨ ਨਾਮਧਾਰੀ ਹਾਕੀ ਟੀਮ ਦਾ ਗੋਲਕੀਪਰ ਰਹਿ ਚੁੱਕਾ ਹੈ। ਹਰਜਿੰਦਰ ਸਿੰਘ ਦੇ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ ਇਸ ਡੇਅਰੀ ਫਾਰਮ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਉਪਰੰਤ ਹਰਜਿੰਦਰ ਸਿੰਘ ਦੇ ਘਰ ਵੀ ਚਰਨ ਪਾਏ। ਸਤਿਗੁਰੂ ਸੱਚੇ ਪਾਤਸ਼ਾਹ ਜਿਸ ਘਰ ਵੀ ਚਰਨ ਪਾਉਂਦੇ ਹਨ। ਸਾਰੇ ਪਰਿਵਾਰ ਨੂੰ ਘੱਟੋ ਘੱਟ ਇਕ ਘੰਟਾ ਰੋਜ਼ਾਨਾਂ ਨਾਮ ਸਿਮਰਨ ਕਰਨ ਲਈ ਹੁਕਮ ਕਰਦੇ ਹਨ, ਵਿਸ਼ੇਸ਼ ਕਰਕੇ ਬੱਚਿਆਂ ਅਤੇ ਨੌਜੁਆਨਾਂ ਨੂੰ ਗੁਰਮੁਖੀ ਪੜ੍ਹਨ, ਗੁਰਬਾਣੀ ਦਾ ਪਾਠ ਸਿੱਖਣ ਅਤੇ ਸਿੱਖੀ ਸਰੂਪ ਵਿੱਚ ਕਾਇਮ ਰਹਿਣ ਲਈ ਪ੍ਰੇਰਦੇ ਹਨ।

**ਸੈਨਹੋਜ਼ੇ ਵਿਖੇ:** ਫਰਿਜ਼ਨੋਂ ਤੋਂ ਕਰੀਬ ਤਿੰਨ ਕੁ ਘੰਟੇ ਦਾ ਸਫ਼ਰ ਕਰਕੇ ਸਤਿਗੁਰੂ ਸੱਚੇ ਪਾਤਸ਼ਾਹ 6:20 ਸ਼ਾਮੀਂ ਸੈਨਹੋਜ਼ੇ ਦਰਸ਼ਨ ਦਿੱਤੇ। ਅੰਮ੍ਰਿਤ ਵੇਲੇ ਤਿੰਨ ਕੁ ਵਜੇ ਤੋਂ ਸ਼ਾਮੀ 9 ਕੁ ਵਜੇ ਤੱਕ ਅੱਜ ਸ੍ਰੀ ਸਤਿਗੁਰੂ ਜੀ ਲਗਾਤਾਰ ਚਲ-ਸੋ-ਚਲ ਹਨ। ਪਰ ਕੋਈ ਅਕੇਵਾਂ ਥਕੇਵਾਂ ਨਹੀਂ, ਤਰੋ-ਤਾਜਾ, ਖਿੜੇ ਹੋਏ, ਮੁੱਖ ਮੰਡਲ ਤੇ ਸਦਾ ਬਹਾਰ ਮੁਸਕਾਨ ਨਾਲ ਸਿੱਖਾਂ-ਸੰਗਤਾਂ ਨੂੰ ਨਿਵਾਜ਼ਦਿਆਂ ਪਾਤਸ਼ਾਹ ਜੀ ਸੈਨਹੋਜ਼ੇ ਸਿੱਧਾ ਚਲ ਰਹੇ ਨਾਮ ਸਿਮਰਨ ਵਿੱਚ ਹੀ ਦਰਸ਼ਨ ਦਿੱਤੇ। ਏਸੇ ਦੌਰਾਨ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ। ਉਪਰੰਤ ਹਜ਼ੂਰੀ ਰਾਗੀ ਸਿੰਘਾਂ ਨੇ ਕੀਰਤਨ ਕੀਤਾ। ਕੀਰਤਨ ਉਪਰੰਤ ਸ੍ਰੀ ਸਤਿਗੁਰੂ ਜੀ ਏਥੋਂ ਨੇੜੇ ਹੀ ਸੈਨਫਰਾਂਸਿਸਕੋ ਵਿਖੇ ਸ. ਅੰਮ੍ਰਿਤਪਾਲ ਸਿੰਘ ਕੱਲਾ ਦੇ ਘਰ ਕਿਰਪਾ ਕੀਤੀ, ਸੈਨਹੋਜ਼ੇ ਦੌਰੇ ਸਮੇਂ ਡੇਰਾ, ਅੰਮ੍ਰਿਤਪਾਲ ਸਿੰਘ ਕੱਲਾ ਦੇ ਘਰ ਕਿਰਪਾ ਕੀਤੀ, ਸੈਨਹੋਜ਼ੇ ਦੌਰੇ ਸਮੇਂ ਡੇਰਾ, ਅੰਮ੍ਰਿਤਪਾਲ ਜੀ ਵੱਲ ਹੀ ਹੁੰਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ ਬਖ਼ਸ਼ਿਸ਼ਾਂ ਦੇ ਪਾਤਰ ਸੰਤ ਜਸਵੰਤ ਸਿੰਘ ਜੀ ਅਤੇ ਬੀਬੀ ਨਰਿੰਦਰ ਕੌਰ ਦੇ ਵੱਡੇ ਸਪੁੱਤਰ ਅੰਮ੍ਰਿਤਪਾਲ ਸਿੰਘ ਸਿਦਕੀ ਅਤੇ ਗੁਰੂ ਚਰਨਾਂ ਦੇ ਪ੍ਰੀਤਵਾਨ ਸਿੱਖ ਹਨ।

**19 ਜੁਲਾਈ:** ਆਸਾ ਦੀ ਵਾਰ ਦਾ ਕੀਰਤਨ ਸੈਨਹੋਜੇ ਰੈਂਟ ਤੇ ਕੀਤੇ ਵੱਡੇ ਹਾਲ ਵਿੱਚ ਹੋਇਆ। ਰਾਗੀ ਬਲਵੰਤ ਸਿੰਘ, ਬਸੰਤ ਸਿੰਘ ਨਾਲ ਤਬਲੇ ਤੇ ਸੰਗਤ ਹਰਪ੍ਰੀਤ ਸਿੰਘ ਸੋਨੂੰ ਅਤੇ ਗੁਰਦਿੱਤ ਸਿੰਘ ਯੂ.ਕੇ. ਨੇ ਕੀਤੀ। ਏਥੇ ਵੀ ਕੁਝ ਵਿਦੇਸ਼ਾਂ ਤੋਂ ਆਏ ਸਿੰਘ ਅਤੇ ਅਮਰੀਕਾ, ਕੈਨੇਡਾ ਦੇ ਕੁਝ ਸ਼ਹਿਰਾਂ ਦੇ ਸੰਗਤ ਅਤੇ ਸੈਨਹੋਜ਼ੇ ਦੀਆਂ ਸੰਗਤਾਂ ਦੇ ਸੰਗਮ ਨਾਲ ਭਰਪੂਰ ਹਾਜ਼ਰੀ ਹੋ ਗਈ, ਭਰਪੂਰ ਮੇਲਾ ਬਣ ਗਿਆ। ਏਥੇ ਵੀ ਕੀਰਤਨ ਪ੍ਰੇਮੀ ਗੈਰ ਨਾਮਧਾਰੀ ਸਿੰਘ ਦੋਵੇਂ ਵੇਲੇ ਦੇ ਦੀਵਾਨ ਵਿੱਚ ਆਉਂਦੇ ਰਹੇ। ਏਥੇ ਹਾਲ ਵਿੱਚ ਹੀ ਸੰਗਤਾਂ ਦੀਆਂ ਪੰਗਤਾਂ ਲਗ ਗਈਆਂ, ਸ੍ਰੀ ਸਤਿਗੁਰੂ ਜੀ ਨੇ ਲੰਗਰ ਵਰਤਾਉਣ ਦੀ ਕਿਰਪਾ ਕੀਤੀ। ਸਾਰੀ ਸੰਗਤ, ਸ੍ਰੀ ਸਤਿਗੁਰੂ ਜੀ ਦੇ ਕਰ-ਕੰਵਲਾਂ ਤੋਂ ਲੱਡੂਆਂ ਦਾ ਪ੍ਰਸ਼ਾਦ ਲੈ ਕੇ ਬਾਗੋ-ਬਾਗ ਹੋਈ। ਉਪਰੰਤ ਸ੍ਰੀ ਸਤਿਗੁਰੂ ਜੀ ਡੇਰੇ ਸ. ਅੰਮ੍ਰਿਤਪਾਲ ਸਿੰਘ ਦੇ ਘਰ ਆਏ।

**ਡਾ. ਦਲਵੀਰ ਸਿੰਘ ਪੰਨੂ ਨਾਲ ਇਤਿਹਾਸਕ ਮਿਲਨੀ:** ਡਾ. ਦਲਵੀਰ ਸਿੰਘ ਨੇ ਫ਼ੋਨ ਤੇ ਅਰਜ਼ ਕਰਕੇ ਦਰਸ਼ਨ ਕਰਨ ਦਾ ਵਕਤ ਲਿਆ ਹੋਇਆ ਸੀ 8 ਕੁ ਵਜੇ ਡੇਰੇ ਹੀ ਗੁਰ ਚਰਨਾਂ ਵਿੱਚ ਹਾਜ਼ਰ ਹੋਏ। ਡਾ. ਸਾਹਿਬ ਨੇ ਚਰਨ ਪਰਸੇ, ਦੱਸਿਆ ਕਿ ਮੈਂ ਏਥੇ ਸੈਨਹੋਜ਼ੇ ਵਿੱਚ ਹੀ ਰਹਿੰਦਾ ਹਾਂ, ਡੈਂਟਟਿਸਟ ਹਾਂ, ਪਰ ਸਿੱਖ ਇਤਿਹਾਸ ਦੀ ਖੋਜ ਕਰਨ ਅਤੇ ਵਿਰਸੇ ਦੀ ਸੰਭਾਲ ਦੀ ਚੇਟਕ ਲਗ ਚੁੱਕੀ ਹੈ, ਕਈ ਵੇਰ ਪਾਕਿਸਤਾਨ ਜਾ ਆਇਆ ਹਾਂ- ਪਾਕਿਸਤਾਨ ਵਿਚਲੇ ਗੁਰ-

ਅਸਥਾਨਾਂ ਦੀ ਖੋਜ ਕਰ ਰਿਹਾ ਹਾਂ। ਇਸ ਸਮੇਂ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਡਾ. ਪੰਨੂ ਜੀ ਤੋਂ ਬਿਨਾਂ ਅੰਮ੍ਰਿਤਪਾਲ ਸਿੰਘ, ਸੁਖਦੇਵ ਸਿੰਘ, ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ, ਗੁਰਦੀਪ ਸਿੰਘ, ਗੁਰਮੀਤ ਸਿੰਘ, ਬਲਵੰਤ ਸਿੰਘ, ਬਸੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਗੁਰਦਿੱਤ ਸਿੰਘ ਯੂ.ਕੇ. ਆਦਿ ਰਾਗੀ ਜਥਾ, ਕਰਤਾਰ ਸਿੰਘ ਸੇਵਕ ਅਤੇ ਸਰਮੁਖ ਸਿੰਘ ਵੀ ਸਨ- ਪੰਨੂ ਜੀ ਨੇ ਬਹੁਤ ਖੋਜ ਕਰਕੇ ਪਾਕਿਸਤਾਨ ਵਿਚਲੇ ਸਿੱਖ ਹੈਰੀਟੇਜ ਨਾਲ ਸਬੰਧਿਤ ਇਕ ਵੱਡ-ਅਕਾਰੀ ਪਿਕਟੋਰੀਅਲ ਬੁੱਕ (The Sikh Heritage Beyond Borders) ਸ੍ਰੀ ਸਤਿਗੁਰੂ ਜੀ ਭੇਟ ਕੀਤੀ। ਸ੍ਰੀ ਸਤਿਗੁਰੂ ਜੀ ਨੇ ਬੜੀ ਨੀਝ ਨਾਲ ਸਾਰੀ ਪੁਸਤਕ ਵੇਖੀ ਅਤੇ ਪੰਨੂ ਜੀ ਦੀ ਕਠਿਨ ਘਾਲਣਾ ਦੀ ਖੁੱਲ ਕੇ ਪ੍ਰਸੰਸਾ ਕੀਤੀ। ਇਹ ਗ੍ਰੰਥ ਸਾਈਜ ਕਰੀਬ ਪੌਣੇ ਪੰਜ ਸੌ ਪੰਨਿਆ ਦੀ ਆਰਟ ਪੇਪਰ ਤੇ ਛਪੀ ਪੁਸਤਕ ਦਿੱਖ ਅਤੇ ਮੈਟਰ ਪੱਖੋਂ ਸੁੰਦਰ ਅਤੇ ਸਾਂਭਣਯੋਗ ਹੈ, ਇਸ ਵਿਚਲੀਆਂ ਤਸਵੀਰਾਂ ਵੀ ਇਤਿਹਾਸਕ ਮਹੱਤਤਾ ਵਾਲੀਆਂ ਹਨ ਅਤੇ ਕਲਾਤਮਿਕ ਫੋਟੋਗ੍ਰਾਫੀ ਦਾ ਨਮੂਨਾ ਹਨ। ਪੰਨੂੰ ਸਾਹਿਬ ਨੇ ਪੁਸਤਕ ਦਾ ਪੰਨਾ 326 ਖੋਲ੍ਹ ਕੇ ਵਿਆਖਿਆ: Gurdwara Baba Jamait Singh Ji Kahna ਟਾਈਟਲ ਹੇਠ ਚਾਰ ਪੰਨਿਆਂ ਤੇ ਬਾਬਾ ਜਮੀਤ ਸਿੰਘ ਕਾਨ੍ਹਾ ਕਾਛਾ ਬਾਰੇ ਖੋਜ ਭਰਪੂਰ ਮੈਟਰ ਅਤੇ ਉਨ੍ਹਾਂ ਦੀ ਖੰਡਰ ਹੋ ਚੁੱਕੀ ਯਾਦਗਾਰ ਦੀਆਂ ਤਸਵੀਰਾਂ। ਇਹ ਬਾਬਾ ਜਮੀਤ ਸਿੰਘ ਜੀ- ਸਤਿਗੁਰੂ ਰਾਮ ਸਿੰਘ ਜੀ ਦੇ ਮੁਢਲੇ ਢਾਈ ਸਿੱਖਾਂ ਚੋਂ ਇਕ ਸਨ ਜਿਨ੍ਹਾਂ ਬਾਰੇ ਸਤਿਗੁਰੂ ਜੀ ਦਾ ਬਚਨ ਸੀ ਕਿ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਚੋਂ (ਬੀਜ ਰੂਪ) ਪੂਰਨ ਸਿੰਘ ਢਾਈ ਹੀ ਮਿਲੇ ਹਨ। ਉਸ ਸਮੇਂ ਲੱਖਾਂ ਦੀ ਗਿਣਤੀ ਵਿੱਚ ਸਿੱਖ ਸਜੇ ਨਾਮਧਾਰੀ ਸਿੰਘ, ਸ੍ਰੀ ਦਸਮੇਸ਼ ਜੀ ਦੀ ਇਸੇ ਸਿੱਖੀ ਵਿਰਾਸਤ ਦਾ ਵਿਸਥਾਰ ਸਨ। ਉਨ੍ਹਾਂ ਦੀ ਯਾਦਗਾਰ, ਖੰਡਰ ਹੋ ਚੁੱਕੀ ਇਮਾਰਤ ਗਵਾਹ ਹੈ ਕਿ ਬਾਬਾ ਜਮੀਤ ਸਿੰਘ ਜੀ ਉਸ ਸਮੇਂ ਦੀ ਕਿੱਡੀ ਮਹੱਤਵਪੂਰਨ ਹਸਤੀ ਸਨ। ਇਸ ਤੋਂ ਬਿਨਾਂ ਸਤਿਗੁਰੂ ਬਾਲਕ ਸਿੰਘ ਜੀ ਦੇ ਹਜਰੋਂ ਸਾਹਿਬ ਵਾਲੇ ਇਤਿਹਾਸਕ ਸਥਾਨ ਬਾਰੇ ਵੀ ਚਰਚਾ ਹੋਈ। ਸਤਿਗੁਰੂ ਬਾਲਕ ਸਿੰਘ ਜੀ ਬਾਰੇ ਚਰਚਾ ਹੁੰਦਿਆਂ ਪੰਨੂੰ ਜੀ ਨੇ ਕਿਹਾ ਕਿ ਮੈਂ ਪੜ੍ਹਿਆ ਹੈ ਕਿ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਹਰੋਂ ਨਦੀ ਦੇ ਕੰਢੇ ਗੁਰੂ ਬਾਲਕ ਸਿੰਘ ਜੀ ਨੂੰ ਦਰਸ਼ਨ ਦੇ ਕੇ ਗੁਰਤਾ ਬਖਸ਼ੀ-ਨਦੇੜੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦਰਸ਼ਨਾਂ ਦੀਆਂ ਕੁਝ ਹੋਰ ਕਥਾ ਵੀ ਸੁਣੀਆਂ ਹਨ। ਮੈਂ ਗੁਰੂ ਗੋਬਿੰਦ ਸਿੰਘ ਜੀ ਦੇ ਨਦੇੜ ਵਿਖੇ ਕੀਤੇ ਕੌਤਕ ਤੋਂ ਬਾਅਦ ਦਾ ਇਤਿਹਾਸ ਪੜਨਾਂ ਚਾਹੁੰਦਾ ਹਾਂ ਜੇ ਮੈਨੂੰ ਕੋਈ ਪੁਸਤਕ ਮਿਲ ਸੱਕੇ। ਸਤਿਗੁਰੂ ਜੀ ਬਚਨ ਕੀਤਾ ਕਿ ਸਾਡੀਆਂ ਤਿੰਨ ਲੇਖਕਾਂ ਦੀਆਂ ਛਪੀਆਂ ਪੁਸਤਕਾਂ 'ਨਦੇੜੋ ਬਾਅਦ ਦਸਮ ਗੁਰ ਦਰਸ਼ਨ' ਹਨ। ਉਹ ਤੁਹਾਨੂੰ ਮਿਲ ਜਾਣਗੀਆਂ। ਪੰਨੂੰ ਜੀ ਨੇ ਕਿਹਾ ਕਿ ਮੈਂ ਕਰੀਬ ਮਹੀਨੇ ਕੁ ਵਾਸਤੇ ਭਾਰਤ ਜਾ ਰਿਹਾ ਹਾਂ, ਕੁਝ ਪ੍ਰੋਗਰਾਮ ਹਨ। ਆਪ ਨੇ ਕਿਹਾ ਕਿ ਮੈਂ ਹੁਣ ਫੇਰ ਪਾਕਿਸਤਾਨ ਜਾਣਾ ਹੈ, ਅਟਕ ਇਲਾਕੇ ਦੇ ਸਿੱਖਾਂ ਨਾਲ ਸੰਬੰਧਿਤ ਸਥਾਨਾਂ ਦੀ ਨਿਸ਼ਾਨਦੇਹੀ ਕਰਨ ਲਈ, ਇਸ ਲਈ ਮੈਨੂੰ ਸਤਿਗੁਰੂ ਬਾਲਕ ਸਿੰਘ ਜੀ ਬਾਰੇ ਵੀ ਜਾਣਕਾਰੀ ਚਾਹੀਦੀ ਹੈ। ਹੁਕਮ ਹੋਇਆ- ਤੁਹਾਨੂੰ ਵਿਰਕ ਜੀ ਅਤੇ ਗੁਰਲਾਲ ਸਿੰਘ ਮਿਲਨਗੇ, ਪੁਸਤਕਾਂ ਵੀ ਤੁਹਾਨੂੰ ਦੇ ਦੇਣਗੇ ਅਤੇ ਤੁਸੀਂ ਵਿਰਕ ਜੀ ਨਾਲ ਇਤਿਹਾਸ ਬਾਰੇ ਚਰਚਾ ਵੀ ਕਰ ਸਕਦੇ ਹੋ। ਉਹ ਵੀ ਤੁਹਾਡੇ ਵਾਂਗ 'ਇਤਿਹਾਸਕ ਖੋਜੀ' ਹੀ ਹਨ। ਕਰੀਬ ਅੱਧੇ ਘੰਟੇ ਦੀ ਰੌਣਕ ਅਤੇ ਮਹੱਤਪੂਰਨ ਵਿਚਾਰ-ਚਰਚਾ ਤੋਂ ਬਾਅਦ ਸ. ਦਲਵੀਰ ਸਿੰਘ ਪੰਨੂੰ ਆਗਿਆ ਲੈ ਕੇ ਚਲੇ ਗਏ। ਉਪਰੰਤ ਸ੍ਰੀ ਸਤਿਗੁਰੂ ਜੀ ਏਥੇ ਨੇੜੇ ਸੈਰ ਕਰਨ ਗਏ। ਪ੍ਰਸ਼ਾਦਾ ਛੱਕ ਕੇ, ਆਪ ਜੀ ਨੇ ਕੁਝ ਘਰਾਂ 'ਚ ਚਰਨ ਪਾਉਣ ਦੀ ਕਿਰਪਾ ਕੀਤੀ।

6 ਤੋਂ 7 ਨਾਮ ਸਿਮਰਨ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਕਾਰਡ ਉਪਦੇਸ਼ ਸੰਗਤ ਨੇ ਸਰਵਣ ਕੀਤਾ। ਉਪਰੰਤ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ। ਕੀਰਤਨ ਦੌਰਾਨ ਗਾਏ ਜਾਣ ਵਾਲੇ ਸ਼ਬਦਾਂ ਬਾਰੇ ਬਲਵੰਤ ਸਿੰਘ ਜੀ ਨੇ ਜਾਣਕਾਰੀ ਦਿੱਤੀ ਕਿ "ਪਰਮ ਸਤਿਕਾਰ ਯੋਗ ਸਾਧ ਸੰਗਤ ਜੀ ਅੱਜ ਦਾ ਕੀਰਤਨ ਰਾਗ ਮੇਘ ਵਿੱਚ ਇਕ ਝੱਪ ਤਾਲ ਦੀ ਰੀਤ, ਉਸ ਤੋਂ ਬਾਅਦ ਰਬਾਬੀਆਂ ਦੀ ਇਕ ਪੁਰਾਤਨ ਰੀਤ, ਇੱਕ ਤਾਲ ਵਿੱਚ, ਇਕ ਸ਼ਬਦ ਤੇ ਫੇਰ ਪੁਰਾਤਨ ਰਬਾਬੀਆਂ ਦੀ ਰੀਤ ਅਤੇ ਅਖੀਰ ਵਿੱਚ ਕੈਰਵਾ ਗਾ ਕੇ ਸਮਾਪਤ ਕਰਾਂਗੇ। ਅੱਜ ਦੇ ਕੀਰਤਨ ਵਿੱਚ ਬਹੁਤ ਸਾਰੇ ਗੈਰ ਨਾਮਧਾਰੀ ਕੀਰਤਨ ਪ੍ਰੇਮੀਂ ਵੀ ਆਏ ਹੋਏ ਸਨ। ਅੱਜ ਦੇ ਇੰਟਰਨੈੱਟ ਮਾਧਿਅਮ ਰਾਹੀਂ U-Tube ਅਤੇ Sribhainisahib ਤੋਂ Live Telecast ਰਾਹੀਂ ਇਹ ਨਾਮਧਾਰੀ ਕੀਰਤਨ ਸੁਣਦੇ ਰਹਿੰਦੇ ਸਨ। ਇਨ੍ਹਾਂ ਨੂੰ ਜਦੋਂ ਪਤਾ ਲੱਗਾ ਕਿ ਸ੍ਰੀ ਸਤਿਗੁਰੂ ਜੀ ਦਾ ਅਮਰੀਕਾ-ਕੈਨੇਡਾ ਦੌਰਾ ਹੈ ਤੇ ਹਜ਼ੂਰੀ ਰਾਗੀ ਜਥਾ ਆ ਰਿਹਾ ਹੈ ਤਾਂ ਹਰ ਸ਼ਹਿਰ ਵਿੱਚ ਕੀਰਤਨ ਦੇ ਰਸੀਏ ਗੈਰ ਨਾਮਧਾਰੀ ਸਿੱਖ ਆਉਂਦੇ ਰਹੇ ਹਨ। 20 ਵੀਂ ਸਦੀ ਦੇ 7ਵੇਂ, 8ਵੇਂ ਦਹਾਕੇ ਤੱਕ

ਜਦੋਂ ਤੱਕ ਅਜੇ ਪੰਜਾਬ ਵਿੱਚ ਕੱਟੜਵਾਦ ਅੱਜ ਵਾਂਗ ਨਹੀਂ ਸੀ, ਉਨ੍ਹਾਂ ਦਿਨਾਂ ਵਿੱਚ ਨਾਮਧਾਰੀ ਹੋਲੇ ਮਹੱਲੇ ਅਤੇ ਅੱਸੂ ਦੇ ਮੇਲਿਆਂ ਦੌਰਾਨ ਬਹੁਤ ਨਿਹੰਗ ਸਿੰਘ ਨਾਮਧਾਰੀ ਦੀਵਾਨਾਂ ਵਿੱਚ ਆਇਆ ਕਰਦੇ ਸਨ, ਪੂਰਾ ਹੋਲਾ ਮਹੱਲਾ ਸੁਣਨਾ ਵੇਖਣਾ ਜੇ ਕਿਸੇ ਪੁਛਣਾ ਕਿ ਤੁਸੀਂ ਏਥੇ ਸ੍ਰੀ ਭੈਣੀ ਸਾਹਿਬ ਆਉਂਦੇ ਹੋ, ਅਨੰਦਪੁਰ ਹੋਲੇ ਤੇ ਕਿਉਂ ਨਹੀਂ ਜਾਂਦੇ? ਉਨ੍ਹਾਂ ਆਖਣਾ ਜੋ ਸ਼ਬਦ ਦਾ ਅਨੰਦ ਏਥੇ ਆਉਂਦਾ ਹੈ, ਹੋਰ ਕਿਤੇ ਨਹੀਂ ਆਉਣਾ। ਸਾਵਣ ਮਹੀਨਾ ਹੋਣ ਕਰਕੇ ਸੰਤ ਬਲਵੰਤ ਸਿੰਘ ਜੀ ਨੇ ਰਾਗ ਮੇਘ ਦੇ ਸ਼ਬਦ ਗਾਇਨ ਕੀਤੇ, ਕੀਰਤਨ ਦਾ ਏਨਾ ਰਸ ਬਣਿਆ ਕਿ ਸਚੁਮੱਚ ਹੀ ਸ਼ਬਦ ਦੀ ਵਰਖਾ ਹੋਈ। ਅਖੀਰ ਵਿੱਚ ਕੈਰਵੇ ਦਾ ਸ਼ਭਦ ਗਾਇਨ ਕੀਤਾ।

**20 ਜੁਲਾਈ:** ਆਸਾ ਦੀ ਵਾਰ ਦਾ ਕੀਰਤਨ ਸੈਨਹੋਜ਼ੇ ਵਿਖੇ ਹੀ ਹੋਇਆ। ਸੰਤ ਦਵਿੰਦਰ ਸਿੰਘ ਨੂੰ ਨਾਮ ਦੇਣ ਦਾ ਹੁਕਮ: ਸ੍ਰੀ ਸਤਿਗੁਰੂ ਜੀ ਨੇ ਅੱਜ ਦਵਿੰਦਰ ਸਿੰਘ ਸੈਨਹੋਜ਼ੇ ਨਿਵਾਸੀ ਨੂੰ ਭਜਨ (ਨਾਮ-ਦਾਨ) ਦੇਣ ਦੀ ਆਗਿਆ ਬਖਸ਼ੀ। ਸ. ਦਵਿੰਦਰ ਸਿੰਘ ਦੇ ਪਿਤਾ ਸੰਤ ਕਰਮ ਸਿੰਘ ਅਤੇ ਦਾਦਾ ਸ. ਜਵਾਲਾ ਸਿੰਘ ਸਨ। ਪੰਜਾਬ ਵਿੱਚ ਆਪ ਦਾ ਪਿੰਡ 'ਅੱਟੀ' ਹੈ। ਸੰਤ ਕਰਮ ਸਿੰਘ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਨਾਮਧਾਰੀ ਸਿੰਘ ਸਜੇ ਸਨ। ਸੰਤ ਦਵਿੰਦਰ ਸਿੰਘ ਜੀ ਨਾਮਬਾਣੀ ਦੇ ਪੱਕੇ ਨਿਤਨੇਮੀ ਅਤੇ ਰਹਿਤ ਬਹਿਤ ਵਿੱਚ ਪੱਕੇ ਸਿੱਖ ਸਨ। 2020 ਤੋਂ ਜਦੋਂ ਕਾਰੋਨਾ ਦੇ ਪ੍ਰਕੋਪ ਕਾਰਣ ਸੰਗਤ ਇਕੱਠਿਆਂ ਹੋ ਕੇ ਸਤਿਸੰਗ ਕਰਨ ਦੀ ਜਗ੍ਹਾ ਜ਼ੂਮ ਐਪ ਤੇ ਘਰੋਂ-ਘਰੀਂ ਹੁੰਦੇ ਹੋਏ ਵੀ ਇਕੱਠੇ ਹੋ ਕੇ ਨਾਮ ਸਿਮਰਨ ਕਰਦੇ ਸਨ। ਐਲ.ਏ. ਅਤੇ ਵੈਨਕੂਵਰ ਦੀ ਸੰਗਤ ਨਾਲ ਮਿਲ ਕੇ ਸਿਮਰਨ ਵਿੱਚ ਸ਼ਾਮਲ ਹੋਣਾ ਫੇਰ ਨਿਊਯਾਰਕ ਅਤੇ ਟੋਰਾਂਟੋ ਦੀ ਸੰਗਤ ਨਾਲ ਮਿਲ ਕੇ ਨਾਮ ਜੱਪਣਾ, ਸੂਰਜ ਚੜ੍ਹਨ ਨਾਲ ਚੰਡੀ ਦਾ ਪਾਠ ਕਰਨਾ, ਆਪ ਦਾ ਨਿੱਤ ਦਾ ਨੇਮ ਬਣ ਚੁੱਕਾ ਸੀ। ਜੇ ਰਾਤ ਨੂੰ ਕੰਮ ਤੋਂ ਲੇਟ ਆਏ ਤਾਂ ਇਸ਼ਨਾਨ ਕਰਕੇ ਰਾਤ 12 ਵਜੇ ਤੋਂ ਬਾਅਦ ਸੂਰਜ ਚੜ੍ਹਨ ਤੱਕ ਨਾਮ ਸਿਮਰਨ ਅਤੇ ਗੁਰਬਾਣੀ ਪਾਠ ਦਾ ਨਿਤਨੇਮ ਪੂਰਾ ਕਰਕੇ ਫੇਰ ਕੁਝ ਸਮਾਂ ਆਰਾਮ ਕਰਕੇ ਦਿਨੇ ਫੇਰ ਕੰਮ ਤੇ ਜਾਣਾ। ਇਸ ਤੋਂ ਬਿਨਾਂ ਸਾਧ ਸੰਗਤ ਦੀ ਸੇਵਾ, ਸਤਿਜੁਗ ਪਰਚੇ ਨੂੰ ਘਰ ਘਰ ਪੁਚਾਉਣ ਦੀ ਜ਼ੁੰਮੇਵਾਰੀ ਵੀ ਨਿਭਾਉਂਦੇ ਹਨ। ਸਰੀਰਕ ਅਵਸਥਾ ਕਰੀਬ 70 ਕੁ ਵਰ੍ਹਿਆਂ ਦੇ, ਛਾਂਟਵਾਂ ਸਰੀਰ, ਦਰਮਿਆਨਾ ਕੱਦ, ਸਫੈਦ ਦਾਹੜਾ, ਗਲ ਵਿੱਚ ਮਾਲਾ, ਗੁਰਮੁਖੀ ਬਾਣਾ, ਰਿਸ਼ੀਆਂ-ਮੁਨੀਆਂ ਦੀ ਦਿੱਖ ਵਾਲੇ ਸੰਤ ਦਵਿੰਦਰ ਸਿੰਘ ਜੀ ਸਤਿਗੁਰੂ-ਸੱਚੇ ਪਾਤਸ਼ਾਹ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਹਨ।

**ਨਾਮ-ਸਿਮਰਨ, ਕਥਾ ਅਤੇ ਸ਼ਾਮ ਦਾ ਕੀਰਤਨ:** ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਨਾਮ-ਸਿਮਰਨ ਦੌਰਾਨ ਸੰਤ ਨਿਸ਼ਾਨ ਸਿੰਘ ਨੇ ਕਥਾ ਕਰਦਿਆਂ ਪੁਰਾਤਨ ਗੁਰ ਸਿੱਖਾਂ ਦੇ ਜੀਵਨ-ਸਾਖੀਆਂ ਸੁਣਾਈਆਂ। ਸਤਿਗੁਰੂ ਜੀ ਸੋਭਾ ਕਰਦਿਆਂ, ਆਪ ਨੇ ਸੰਤ ਆਤਮਾ ਸਿੰਘ ਆਲੋਮੁਹਾਰ ਦੇ ਸਿੱਖ ਸੱਜਣ ਅਤੇ ਨਾਮ ਜੱਪ ਕੇ ਉੱਚ ਅਧਿਆਤਮਕ ਅਵਸਥਾ ਪ੍ਰਾਪਤ ਕੀਤੀ। ਏਸੇ ਤਰ੍ਹਾਂ ਜਿਵੇਂ ਭਾਈ ਰਾਇ ਸਿੰਘ ਜਦੋਂ ਅੰਮ੍ਰਿਤਸਰ ਵਿਖੇ ਵਿਦਿਆ ਗ੍ਰਹਿਣ ਕਰਦਿਆਂ ਗੁਰਬਾਣੀ ਸੰਥਿਆ ਲੈ ਰਹੇ ਸਨ, ਗੁਰਬਾਣੀ ਚੋਂ ਸਤਿਗੁਰੂ ਦਰਸ਼ਨ ਦੀ ਸੋਭਾ ਸੁਣ ਕੇ ਮਨ ਵਿੱਚ ਪੂਰੇ ਗੁਰੂ ਦੇ ਦਰਸ਼ਨ ਦੀ ਤੀਬਰ ਇੱਛਾ ਪ੍ਰਗਟ ਹੋਈ, ਸੰਤ ਧਿਆਨ ਸਿੰਘ ਜੀ ਸਤਿਗੁਰੂ ਬਿਲਾਸ ਵਿੱਚ ਲਿਖਦੇ ਹਨ ਕਿ ਜਦੋਂ ਭਾਈ ਰਾਇ ਸਿੰਘ ਦੇ ਪੂਰਬਲੇ ਭਾਗ ਜਾਗੇ, ਮਨ ਵਿੱਚ ਤੀਬਰ ਵੈਰਾਗ ਪੈਦਾ ਹੋਇਆ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦਿੱਤੇ ਬਚਨ ਕੀਤਾ: ਮੈਨੂੰ ਮਿਲਨਾ ਹੈ ਤਾਂ ਮੈਨੂੰ ਭੈਣੀ ਸਾਹਿਬ ਆ ਕੇ ਮਿਲ। ਏਨਾ ਬਚਨ ਕਰਕੇ ਸਤਿਗੁਰੂ ਰਾਮ ਸਿੰਘ ਅਲੋਪ ਹੋ ਗਏ। ਭਾਈ ਸਾਹਿਬ ਸ੍ਰੀ ਭੈਣੀ ਸਾਹਿਬ ਆਏ, ਸਤਿਗੁਰੂ ਰਾਮ ਸਿੰਘ ਜੀ ਦੇ ਚਰਨੀਂ ਲੱਗੇ, ਨਾਮ ਦੀ ਦਾਤ ਪ੍ਰਾਪਤ ਕਰਕੇ, ਇਤਿਹਾਸ ਦੇ ਵਿਸ਼ੇਸ਼ ਪਾਤਰ ਹੋਏ, ਆਪ ਨੂੰ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਹਜ਼ੂਰ ਸਾਹਿਬ ਤੋਂ ਦਸਮ-ਪਾਤਸ਼ਾਹ ਦੀ ਮਰਿਯਾਦਾ ਲੈਣ ਭੇਜਿਆ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿੱਚ ਆਉਣ ਵਾਲੇ ਕਈ ਸਾਧੂਆਂ ਜਗਿਆਸੂਆਂ ਬਾਰੇ ਕਥਾ ਸੁਣਾਈਆਂ ਕਿ ਕਿਵੇਂ ਸਤਿਗੁਰੂ ਸੱਚੇ ਪਾਤਸ਼ਾਹ ਆਪ ਕਿਰਪਾ ਕਰਕੇ ਐਸੀ ਬਿਧ ਬਣਾਉਂਦੇ।

ਉਪਰੰਤ ਹਜ਼ੂਰੀ ਰਾਗੀ ਜਥੇ ਨੇ ਰਸ ਭਿੰਨਾ ਕੀਰਤਨ ਕੀਤਾ। ਸ. ਕੁਲਵਿੰਦਰ ਸਿੰਘ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਦਾ ਡੇਰਾ: ਸ੍ਰੀ ਸਤਿਗੁਰੂ ਜੀ ਸੈਨਹੋਜ਼ੇ ਦੌਰੇ ਦੌਰਾਨ ਡੇਰਾ ਸ. ਅੰਮ੍ਰਿਤਪਾਲ ਸਿੰਘ ਕੱਲਾ ਦੇ ਘਰ ਰੱਖਣ ਦੀ ਕਿਰਪਾ ਕੀਤੀ। ਇਸ ਦੌਰੇ ਸਮੇਂ ਸ. ਕੁਲਵਿੰਦਰ ਸਿੰਘ ਦੀ ਅਰਜ਼ ਪ੍ਰਵਾਨ ਕਰਕੇ ਅੱਜ ਸਤਿਗੁਰੂ ਸੱਚੇ ਪਾਤਸ਼ਾਹ ਆਪਣਾ ਡੇਰਾ ਏਨ੍ਹਾਂ ਦੇ ਘਰ ਕਿਰਪਾ ਕੀਤੀ। ਨਾਮ-ਸਿਮਰਨ ਅਤੇ ਸ਼ਾਮ ਦੇ ਦੀਵਾਨ ਉਪਰੰਤ ਆਪ ਜੀ ਨੇ ਕੁਲਵਿੰਦਰ ਸਿੰਘ ਦੇ ਗ੍ਰਹਿ ਵਿਖੇ ਹੀ ਜਲ-ਪਾਣੀ ਛਕਿਆ। ਸ. ਕੁਲਵਿੰਦਰ ਸਿੰਘ ਅਤੇ ਆਪ ਦੇ ਪੁੱਤਰ ਬੇਸ਼ੱਕ ਸਹਿਜ ਧਾਰੀ ਸਰੂਪ ਵਿੱਚ ਹਨ ਪਰ ਹੈਣ ਗੁਰੂ ਚਰਨਾਂ ਦੇ ਅਨਿੰਨ ਸੇਵਕ। ਆਪ ਦੇ ਵੱਡੇ ਭਾਈ ਸ.

ਰਣਜੀਤ ਸਿੰਘ (ਇੰਗਲੈਂਡ) ਨਿਵਾਸੀ ਦੀ ਸਤਿਗੁਰੂ- ਸੱਚੇ ਪਾਤਸ਼ਾਹ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਸਤਿਗੁਰੂ ਉਦੇ ਸਿੰਘ ਜੀ ਨੇ ਹਰ ਵਰ੍ਹੇ ਸਤਿਗੁਰੂ ਜਗਜੀਤ ਸਿੰਘ ਸਿਮਰਤੀ ਸੰਗੀਤ ਸੰਮੇਲਨਾਂ ਦੀ ਨਿਰੰਤਰ ਲੜੀ ਸ਼ੁਰੂ ਕਰਵਾ ਦਿੱਤੀ ਹੈ। ਇਨ੍ਹਾਂ ਦੋਵੇਂ ਭਰਾਵਾਂ ਨੇ ਅਰਜ਼ ਕਰਕੇ ਇਸ ਸੰਗੀਤ ਸੰਮੇਲਨਾ ਦੀ ਸੇਵਾ ਆਪਣੀ ਝੋਲੀ ਪਵਾ ਲਈ ਹੈ। ਕੁਲਵਿੰਦਰ ਸਿੰਘ ਬੜੇ ਸੁਨਿਮਰ ਅਤੇ ਗੁਰੂ ਚਰਨਾਂ ਦੇ ਪ੍ਰੇਮੀ ਸਿੱਖ ਹਨ।

**21 ਜੁਲਾਈ ਸੈਨਹੋਜ਼ੇ ਵਿਖੇ ਅਮਰੀਕਾ ਦੌਰੇ ਦੀ ਸੰਪੂਰਨਤਾ:** ਆਸਾ ਦੀ ਵਾਰ ਦਾ ਕੀਰਤਨ ਕੀਤਾ। ਉਪਰੰਤ ਗਰੀਬ ਨਿਵਾਜ ਡੇਰੇ (ਸ. ਕੁਲਵਿੰਦਰ ਸਿੰਘ ਦੇ ਘਰ) ਆ ਕੇ ਲੰਗਰ ਛਕਿਆ। ਅੱਜ ਅਮਰੀਕਾ ਦੌਰੇ ਦੇ ਆਖਰੀ ਪੜਾਅ ਸੈਨਹੋਜ਼ੇ ਵਿਖੇ ਆਖਰੀ ਦਿਨ ਹੈ, ਇਸ ਲਈ ਸੈਨਹੋਜ਼ੇ ਨਿਵਾਸੀ ਨਾਮਧਾਰੀ ਸਿੱਖ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਅਤੇ ਵਿਦਿਆ ਕਰਨ ਲਈ ਡੇਰੇ ਪਹੁੰਚ ਗਏ। ਸਭ ਨੇ ਸ੍ਰੀ ਸਤਿਗੁਰੂ ਜੀ ਨਾਲ ਯਾਦਗਾਰੀ ਤਸਵੀਰਾਂ ਖਿਚਵਾਈਆਂ। ਸ੍ਰੀ ਸਤਿਗੁਰੂ ਜੀ ਸੰਗਤਾਂ ਨੂੰ ਖੁਸ਼ੀਆਂ ਬਖ਼ਸ਼ਦੇ 8:15 ਵਜੇ ਸਿਖਾਂ-ਸੇਵਕਾਂ ਸਹਿਤ ਏਅਰਪੋਰਟ ਵਾਸਤੇ ਰਵਾਨਾ ਹੋਏ। ਸੰਗਤਾਂ ਸ੍ਰੀ ਸਤਿਗੁਰੂ ਜੀ ਨੂੰ ਵਿਦਿਆ ਕਰਨ ਲਈ ਏਅਰਪੋਰਟ ਤੇ ਪਹੁੰਚੀਆਂ। ਸ੍ਰੀ ਸਤਿਗੁਰੂ ਜੀ ਆਪ ਜੀ ਦੇ ਮਹਿਲ (ਮਾਤਾ ਗੁਰਸ਼ਰਨ ਕੌਰ ਜੀ) ਸਿੱਖਾਂ ਸੇਵਕਾਂ ਸਹਿਤ ਸੈਨਹੋਜ਼ੇ (ਅਮਰੀਕਾ) ਤੋਂ ਵੈਨਕੂਵਰ (ਕੈਨੇਡਾ) ਵਾਸਤੇ ਹਵਾਈ ਰਸਤੇ ਰਵਾਨਾ ਹੋਏ। ਫਲਾਇਟ ਕੁਝ ਲੇਟ ਹੋ ਗਈ। ਸ੍ਰੀ ਸਤਿਗੁਰੂ ਜੀ ਵੇਟਿੰਗ ਰੂਮ ਵਿੱਚ ਬੈਠਿਆਂ ਮੈਨੂੰ (ਹਰਪਾਲ ਸਿੰਘ ਸੇਵਕ) ਇਸ਼ਾਰਾ ਕਰ ਪਾਸ ਬੁਲਾ ਕੇ ਬਚਨ ਕੀਤਾ, ਵਿਹਲੇ ਹਾਂ, ਸੱਚੇ ਪਾਤਸ਼ਾਹ ਜੀ ਦਾ ਜੱਸ ਕਰ ਲਈਏ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੀਆਂ ਸਾਖੀਆਂ ਕੀਤੀਆਂ। ਆਪ ਜੀ ਨੇ ਇਹ ਵੀ ਬਚਨ ਕੀਤਾ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੋਰ ਧਾਰਮਿਕ ਸੰਪਰਦਾਵਾਂ ਵਿੱਚ ਧਾਰਮਿਕ ਅਤੇ ਸਮਾਜਿਕ ਜਥੇ ਬੰਦੀਆਂ ਵਿੱਚ ਬੜਾ ਅਦਬ ਸੀ। ਮੈਂ ਅਰਜ਼ ਕੀਤੀ ਕਿ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਵੇਦਾਂਤ ਸੰਮੇਲਨ ਅੰਮ੍ਰਿਤਸਰ ਵਿਖੇ ਦਰਸ਼ਨ ਦਿਆ ਕਰਦੇ ਸਨ। ਮਹਾਰਾਜ ਦਰਸ਼ਨ ਸਿੰਘ, ਮਹਾਰਾਜ ਰਜਿੰਦਰ ਸਿੰਘ ਜੀ ਦਿੱਲੀ ਵਾਲੇ ਰਾਧਾ ਸੁਆਮੀ ਮਹਾਰਾਜ ਕਿਰਪਾਲ ਸਿੰਘ ਰੂਹਾਨੀ ਮਿਸ਼ਨ ਦੇ ਮੁਖੀ ਵੀ ਸੱਚੇ ਪਾਤਸ਼ਾਹ ਦਾ ਬਹੁਤ ਅਦਬ ਕਰਦੇ ਸਨ। ਜੈਨ ਮੁਨੀ ਸੁਸ਼ੀਲ ਕੁਮਾਰ ਜੀ ਨਾਲ ਵੀ ਆਪ ਜੀ ਦੀ ਸ਼ਾਕਾਹਾਰ ਕਰਕੇ ਪੀਡੀ-ਸਾਂਝ ਸੀ। ਹਿੰਦੂ ਅਤੇ ਮੁਸਲਮਾਨ ਜਥੇ ਬੰਦੀਆਂ ਵਿੱਚ ਵੀ ਆਪ ਜੀ ਦਾ ਬੜਾ ਅਦਬ ਸਤਿਕਾਰ ਸੀ। ਇਸ ਤਰ੍ਹਾਂ ਦੇ ਸਾਂਝੀਵਾਲਤਾ ਦੇ ਸਬੰਧਾਂ ਬਾਰੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਬਾਰੇ ਵੀ ਆਪ ਜੀ ਬਚਨ ਕੀਤੇ ਅਤੇ ਹੁਕਮ ਕੀਤਾ ਕਿ ਆਪਾਂ ਹੋਰ ਧਾਰਮਿਕ ਸੰਪਰਦਾਵਾਂ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਣਾਈ ਸਾਂਝ ਨੂੰ ਜਾਰੀ ਰੱਖੀਏ। ਜਦੋਂ ਵੀ ਕਦੇ ਵਿਹਲ ਮਿਲਦੀ ਹੈ ਤਾਂ ਹਜ਼ੂਰ ਸਤਿਗੁਰੂ ਜੀ ਹਮੇਸ਼ਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਰੇ ਬਚਨ-ਬਿਲਾਸ ਕਰਦੇ ਹਨ। ਇਸ ਤਰ੍ਹਾਂ ਪਤਾ ਹੀ ਨਹੀਂ ਲੱਗਿਆ ਕਿ ਸਵਾਂ ਨੌਂ ਦੇ ਏਅਰਪੋਰਟ ਪੁੱਜੇ ਸਾਂ ਅਤੇ 12 ਵੱਜ ਗਏ। 1 ਵਜੇ ਸ੍ਰੀ ਸਤਿਗੁਰੂ ਜੀ AC- 565 ਤੇ ਵੈਨਕੂਵਰ ਵਾਸਤੇ ਰਵਾਨਾ ਹੋਏ।

**ਅਮਰੀਕਾ ਦੌਰੇ ਦੌਰਾਨ ਫੋਟੋਗ੍ਰਾਫੀ ਸੇਵਾ-** ਸ੍ਰੀ ਸਤਿਗੁਰੂ ਜੀ ਦੇ ਇਸ 7 ਜੁਲਾਈ ਤੋਂ 21 ਜੁਲਾਈ ਨਿਊਯਾਰਕ ਤੋਂ ਸੈਨਹੋਜ਼ੇ ਤੱਕ ਅਮਰੀਕਾ ਦੌਰੇ ਦੌਰਾਨ-ਸਾਊਂਡ ਸਿਸਟਮ ਦੀ ਅਤੇ ਲਾਈਵ ਟੈਲੀਕਾਸਟ ਦੀ ਵੱਡੀ ਜਿੰਮੇਵਾਰੀ ਸੁਦਰਸ਼ਨ ਸਿੰਘ ਨੇ ਬੜੀ ਮਿਹਨਤ ਨਾਲ ਨਿਭਾਈ। ਨਾਲ ਵੱਖੋ-ਵੱਖ ਸ਼ਹਿਰਾਂ ਵਿੱਚ ਸਹਿਯੋਗੀ ਵਜੋਂ ਪਰਮ ਜੋਤ ਸਿੰਘ ਅਤੇ ਪਰਮਿੰਦਰ ਸਿੰਘ ਨੇ ਭਰਪੂਰ ਸਹਿਯੋਗਤਾ ਦਿੱਤੀ। ਸਤਿਗੁਰੂ ਜੀ ਦੇ ਦੌਰੇ ਦੌਰਾਨ ਸ਼ਾਮਲ ਹੋਣ ਲਈ ਇੰਗਲੈਂਡ ਤੋਂ ਉਚੇਚੇ ਪੁੱਜੇ ਨੌਜੁਆਨ ਜਸਵਿੰਦਰ ਸਿੰਘ ਸਪੁੱਤਰ ਸੂਬਾ ਜੋਗਿੰਦਰ ਸਿੰਘ (ਜਲੰਧਰ) ਵੀ ਬੜੀ ਰੀਝ ਨਾਲ ਫੋਟੋਗਰਾਫੀ ਕਰਦੇ ਰਹੇ।

**ਅਮਰੀਕਾ ਦੌਰੇ ਦੌਰਾਨ ਕਾਰ ਸੇਵਾ:** ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਦਾ ਸੰਗਤਾਂ ਨੂੰ ਏਨਾਂ ਚਾਅ ਹੁੰਦਾ ਹੈ ਕਿ ਹਰ ਕੋਈ ਆਪਣੀ ਸਮਰੱਥਾ ਨਾਲ ਸੇਵਾ ਕਰਦਾ ਹੈ। ਏਥੇ ਜ਼ਿਕਰ ਕਰਦੇ ਹਾਂ- ਅਮਰੀਕਾ ਦੌਰੇ ਦੌਰਾਨ ਸ੍ਰੀ ਸਤਿਗੁਰੂ ਜੀ ਦੀ ਸੇਵਾ 'ਕਾਰ-ਸੇਵਾ' ਭਾਵ ਕਿ ਕਿਹੜੀਆਂ ਅਤੇ ਕਿਸ-ਕਿਸ ਸਿੱਖ ਦੀਆਂ ਕਾਰਾਂ ਨੂੰ ਹਜ਼ੂਰ ਦੀ ਸੇਵਾ ਦਾ ਸੁਭਾਗ ਪ੍ਰਾਪਤ ਹੋਇਆ। ਨਿਊਯਾਰਕ ਵਿਖੇ ਸ. ਜਗਬੀਰ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੀ ਸੇਵਾ ਲਈ ਉਚੇਚੀ ਨਵੀਂ ਮਰਸੀਡੀਜ਼ ਕਢਵਾਈ ਸਫੈਦ ਰੰਗ ਦੀ ਸੋਹਣੀ ਦਿੱਖ ਵਾਲੀ ਬੜੀ ਅਰਾਮਦਾਇਕ ਕਾਰ। ਇਹ ਵੀ ਸ਼ਾਇਦ ਸਤਿਗੁਰੂ ਰਾਮ ਸਿੰਘ ਜੀ ਦੀ ਚੀਨੀ ਘੋੜੀ (ਸਫੈਦ ਘੋੜੀ) ਦੇ ਰੰਗ ਕਰਕੇ ਹੀ ਬਹੁਤੇ ਸਿੱਖ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿੱਚ

'ਚੀਨੀ ਕਾਰ' ਹੀ ਹਾਜ਼ਰ ਕਰਦੇ ਹਨ।

**ਇੰਡੀਆਨਾ ਅਤੇ ਸ਼ਿਕਾਗੋ ਤੱਕ–** ਡਾ. ਅਮਨਪ੍ਰੀਤ ਸਿੰਘ ਅਤੇ ਰਤਨ ਸਿੰਘ ਦੀਆਂ ਨਵੀਆਂ ਚੀਨੀਆਂ ਮਰਸੀਡੀਜ਼ ਹੀ ਹਜ਼ੂਰ ਦੀ ਸੇਵਾ ਵਿੱਚ ਹਾਜ਼ਰ ਰਹੀਆਂ। ਸ਼ਿਕਾਗੋ ਤੱਕ ਬਹੁਤਾ ਸਮਾਂ ਸ੍ਰੀ ਸਤਿਗੁਰੂ ਜੀ ਦੀ ਗੱਡੀ ਚਲਾਉਣ ਦੀ ਸੇਵਾ ਨਿਭਾਉਣ ਦਾ ਸੁਭਾਗ ਸੁਦਰਸ਼ਨ ਸਿੰਘ ਨੂੰ ਹੀ ਪ੍ਰਾਪਤ ਹੋਇਆ।

ਲਾਸ ਏਂਜ਼ਲਸ ਵਿਖੇ ਨਵਦੀਪ ਸਿੰਘ ਆਪਣੀ ਇਲੈਕਟ੍ਰਿਕ ਟੈਸਲਾ ਸਫੈਦ ਕਾਰ ਨਾਲ ਅਤੇ ਬਲਵੰਤ ਸਿੰਘ BMW ਨਾਲ ਹਜ਼ੂਰ ਦੀ ਸੇਵਾ ਵਿੱਚ ਰਹੇ। ਉਪਰੰਤ ਲਾਸ ਏਂਜਲਸ ਤੋਂ ਸੈਨਹੋਜ਼ੇ ਤੱਕ ਸ੍ਰੀ ਸਤਿਗੁਰੂ ਜੀ ਨੇ ਅੰਮ੍ਰਿਤਪਾਲ ਸਿੰਘ ਕੱਲਾ ਨੂੰ ਕਾਰ ਸੇਵਾ ਬਖਸ਼ੀ।

ਇਸ ਤੋਂ ਬਿਨਾਂ ਬਹੁਤ ਸਾਰੇ ਸਿੰਘਾਂ-ਬੀਬੀਆਂ ਨੇ ਲੰਗਰ ਦੀ ਸੇਵਾ, ਮੰਚ ਨੂੰ ਸਜਾਉਣ ਦੀ ਜ਼ਿੰਮੇਵਾਰੀ, ਬਾਹਰੋਂ ਆਏ ਸਿਖਾਂ ਦੇ ਡੇਰੇ ਲਵਾਉਣੇ, ਦੌਰੇ ਦੇ ਹੋਰ ਅਨੇਕਾਂ ਕੰਮਾਂ ਵਿੱਚ ਬੜੇ ਪ੍ਰੇਮ ਅਤੇ ਚਾਅ ਨਾਲ ਸੇਵਾ ਨਿਭਾਈ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀਆਂ ਬਖ਼ਸ਼ਿਸ਼ਾਂ ਦੇ ਪਾਤਰ ਬਣੇ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਸਾਲ 2022 ਈ. ਦਾ ਅਮਰੀਕਾ ਦੌਰਾ ਬੜੀ ਸ਼ਾਨ ਅਤੇ ਸਫ਼ਲਤਾ ਨਾਲ ਸੰਪੂਰਨ ਹੋਇਆ।

**ਚਲਦਾ...** **ਹਰਪਾਲ ਸਿੰਘ ਸੇਵਕ**

.....................................................

## ਪੰਜਾਬੀ ਸਾਹਿਤ ਦੀ ਮਹਿਕ ਹੋਰ ਭਾਰਤੀ ਭਾਸ਼ਾਵਾਂ ਵਿੱਚ ਫ਼ੈਲਾਉਣਾ ਸੁਆਗਤ ਯੋਗ ਕਦਮ – ਸਤਿਗੁਰੂ ਉਦੇ ਸਿੰਘ ਜੀ

**5 ਅਕਤੂਬਰ 2022–** ਗੁਰਭਜਨ ਗਿੱਲ ਦੀ ਚੋਣਵੀ ਕਵਿਤਾ ਦਾ ਹਿੰਦੀ 'ਚ ਅਨੁਵਾਦਤ ਸੰਗ੍ਰਹਿ ਆਧਾਰ ਭੂਮੀ ਲੋਕ ਸਮਰਪਨ

ਸ੍ਰੀ ਭੈਣੀ ਸਾਹਿਬ ਵਿਖੇ ਅੱਜ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪੰਜਾਬੀ ਕਵੀ ਗੁਰਭਜਨ ਗਿੱਲ ਦੀ ਹਿੰਦੀ ਵਿੱਚ ਅਨੁਵਾਦ ਕਾਵਿ ਪੁਸਤਕ ਆਧਾਰ ਭੂਮੀ ਨੂੰ ਲੋਕ ਸਮਰਪਣ ਕਰਦਿਆਂ ਕਿਹਾ ਕਿ "ਪੰਜਾਬੀ ਸਾਹਿੱਤ ਦੀ ਮਹਿਕ ਨੂੰ ਹੋਰ ਭਾਰਤੀ ਭਾਸ਼ਾਵਾਂ ਵਿੱਚ ਪਸਾਰਨਾ ਸੁਆਗਤ ਯੋਗ ਕਦਮ ਹੈ।" ਸਤਿਗੁਰੂ ਜੀ ਕਿਹਾ ਕਿ ਸਾਡੀ ਮਾਂ ਬੋਲੀ ਪੰਜਾਬੀ ਦੀ ਮਰਯਾਦਾ, ਸਭਿਆਚਾਰ ਅਤੇ ਵਿਰਾਸਤੀ ਲੋਕ ਧਾਰਾ ਬਲਵਾਨ ਹੈ ਜਿਸਨੂੰ ਪੰਜਾਬ ਤੋਂ ਬਾਹਰਲੇ ਲੋਕ ਪਰਵਾਨ ਕਰਦੇ ਹਨ ਪਰ ਇਸ ਨੂੰ ਹੋਰ ਵਧੇਰੇ ਸ਼ਕਤੀ ਨਾਲ ਹੋਰ ਜ਼ਬਾਨਾਂ ਵਿੱਚ ਅਨੁਵਾਦ ਰਾਹੀਂ ਪਹੁੰਚਾਉਣ ਦੀ ਲੋੜ ਹੈ। ਹਿੰਦੀ ਭਾਸ਼ਾ 'ਚ ਛਪੀ ਪੁਸਤਕ ਅੱਗੇ ਹੋਰ ਜ਼ਬਾਨਾਂ 'ਚ ਵਧੇਰੇ ਅਨੁਵਾਦ ਹੋ ਜਾਂਦੀ ਹੈ। ਉਨ੍ਹਾਂ ਵਿਜੈ ਦਸਮੀ ਮੌਕੇ ਇਸ ਕਾਵਿ ਪੁਸਤਕ ਨੂੰ ਲੋਕ ਸਮਰਪਨ ਕਰਨਾ ਸ਼ੁਭ ਸ਼ਗਨ ਕਿਹਾ। ਗੁਰਭਜਨ ਗਿੱਲ ਨੇ ਧੰਨਵਾਦ ਕਰਦਿਆਂ ਕਿਹਾ ਕਿ ਭੈਣੀ ਸਾਹਿਬ ਵਿਖੇ ਵਿਸ਼ਵ ਭਾਰਤੀ ਸਭਿਆਚਾਰ ਦੀ ਗੰਗਾ ਵਹਿੰਦੀ ਹੈ ਜਿਸ ਵਿੱਚ ਹਿੰਦੀ ਉਰਦੂ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਦੇ ਲੇਖਕਾਂ ਤੇ ਬੁੱਧੀਜੀਵੀਆਂ ਨੂੰ ਬਰਾਬਰ ਦਾ ਮਾਣ ਮਿਲਦਾ ਪਿਛਲੇ ਪੰਜਤਾਲੀ ਸਾਲ ਤੋਂ ਮੈਂ ਵੇਖ ਰਿਹਾ ਹਾਂ। ਇਥੇ ਹੀ ਵਿਸ਼ਵ ਪ੍ਰਸਿੱਧ ਸ਼ਾਸਤਰੀ ਗਾਇਕ, ਸੰਗੀਤ ਵਾਦਕ ਤੇ ਮੁਹਾਰਤ ਪ੍ਰਾਪਤ ਨਰਤਕਾਂ ਨੂੰ ਆਪਣੀ ਕਲਾ ਕੌਸ਼ਲਤਾ ਦਾ ਪ੍ਰਗਟਾਵਾ ਕਰਦਿਆਂ ਵੇਖਿਆ ਹੈ। ਮੇਰੀ ਰੀਝ ਸੀ ਕਿ ਮੈਂ ਵੀ ਇਸ ਪਵਿੱਤਰ ਭੂਮੀ ਵਿੱਚ ਆਪਣੇ ਸ਼ਬਦਾਂ ਦੀ ਅੰਜੁਲੀ ਭੇਂਟ ਕਰ ਸਕਾਂ। ਇਸ ਪੁਸਤਕ ਨੂੰ ਰਾਜੇਂਦਰ ਤਿਵਾੜੀ (ਯੂ.ਪੀ.) ਤੇ ਪਰਦੀਪ ਸਿੰਘ ਹਿਸਾਰ (ਹਰਿਆਣਾ ਨੇ ਅਨੁਵਾਦ ਕਰਕੇ ਹੰਸ ਪ੍ਰਕਾਸ਼ਨ ਦਿੱਲੀ ਤੋਂ ਛਪਵਾਇਆ ਹੈ। ਇਸ ਅਨੁਵਾਦਤ ਪੁਸਤਕ ਦਾ ਇਸ ਥਾਂ ਸਤਿਗੁਰੂ ਉਦੈ ਸਿੰਘ ਜੀ ਦੇ ਕਰ ਕਮਲਾਂ ਰਾਹੀਂ ਲੋਕ ਸਮਰਪਨ ਹੋਣਾ ਮੇਰੇ ਲਈ ਬੜਾ ਮਹੱਤਵਪੂਰਨ ਹੈ। ਇਸ ਮੌਕੇ ਹਲਕਾ ਸਾਹਨੇਵਾਲ ਦੇ ਵਿਧਾਇਕ ਹਰਦੀਪ ਸਿੰਘ ਮੁੰਡੀਆਂ, ਨੌਜਵਾਨ ਅਕਾਲੀ ਆਗੂ ਤੇ ਹਲਕਾ ਸਮਰਾਲਾ ਦੇ ਇੰਚਾਰਜ ਪਰਮਜੀਤ ਸਿੰਘ ਢਿੱਲੋਂ, ਸਤਿਜੁਗ ਮੈਗਜ਼ੀਨ ਦੇ ਸੰਪਾਦਕੀ ਮੰਡਲ ਮੈਂਬਰ ਗੁਰਲਾਲ ਸਿੰਘ, ਪਿੰਡ ਦਾਦ ਦੇ ਸਰਪੰਚ ਸ. ਜਗਦੀਸ਼ਪਾਲ ਸਿੰਘ ਗਰੇਵਾਲ ਵੀ ਹਾਜ਼ਰ ਸਨ।

ਪੰਜਾਬੀ ਅਕਾਡਮੀ ਦਿੱਲੀ ਦੇ ਸਾਬਕਾ ਸਕੱਤਰ ਤੇ ਦਿੱਲੀ ਸਰਕਾਰ ਵਿੱਚ ਜਾਇੰਟ ਡਾਇਰੈਕਟਰ ਪਰਾਸੀ-ਕਿਊਸ਼ਨ ਗੁਰਭੇਜ ਸਿੰਘ ਗੋਰਾਇਆ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰਭਜਨ ਗਿੱਲ ਜੀ ਦੀਆਂ ਤਿੰਨ ਕਿਤਾਬਾਂ ਖ਼ੈਰ ਪੰਜਾਂ ਪਾਣੀਆਂ ਦੀ, ਰਾਵੀ ਅਤੇ ਸੁਰਤਾਲ ਪਾਕਿਸਤਾਨ ਵਿੱਚ ਵੀ ਸ਼ਾਹਮੁਖੀ ਲਿਪੀ ਅੰਦਰ ਛਪ ਚੁਕੀਆਂ ਹਨ ਅਤੇ ਇਨ੍ਹਾਂ ਚੋਂ ਸੁਰਤਾਲ ਨੂੰ ਤਾਂ ਅਸੀਂ ਇਸੇ ਸਾਲ ਹੀ ਮਾਰਚ ਮਹੀਨੇ ਲਾਹੌਰ ਦੇ ਪਾਕ ਹੈਰੀਟੇਜ ਹੋਟਲ ਵਿੱਚ ਵਿਸ਼ਵ ਪੰਜਾਬੀ ਅਮਨ ਕਾਨਫਰੰਸ ਮੌਕੇ ਫ਼ਖ਼ਰ ਜ਼ਮਾਂ, ਡਾਃ ਦੀਪਕ ਮਨਮੋਹਨ ਸਿੰਘ, ਦਰਸ਼ਨ ਬੁੱਟਰ, ਦਲਜੀਤ ਸ਼ਾਹੀ ਤੇ ਹੋਰ ਲੇਖਕਾਂ ਸਮੇਤ ਲੋਕ ਹਵਾਲੇ ਕਰਕੇ ਆਏ ਹਾਂ।

**ਗੁਰਭਜਨ ਸਿੰਘ ਗਿੱਲ**

................................................

## ਕਾਕਾ ਗੰਗਾ ਸਿੰਘ ਨੂੰ ਥਾਪੜਾ

ਕਾਕਾ ਗੰਗਾ ਸਿੰਘ ਸੱਗੂ ਪਿਤਾ ਸ. ਗੁਰਮੀਤ ਸਿੰਘ ਸੱਗੂ (ਲੁਧਿਆਣਾ) ਪਿਛਲੇ 6 ਸਾਲਾ ਤੋਂ ਜਿਮਨਾਸਟਿਕ ਦੀ



ਪਰੇਕਟਿਸ ਕਰ ਰਿਹਾ ਹੈ। ਉਸਨੇ 8-10 ਅਕਤੂਬਰ CISCE ਨੈਸ਼ਨਲ ਸਪੋਰਟਸ ਸਕੂਲ ਖੇਡਾਂ ਜੋ ਬੰਬਈ ਵਿੱਚ ਹੋਈਆ ਉਸ ਵਿਚੋਂ ਆਲ ਰਾਊਂਡ ਬੈਸਟ ਜਿਮਨਾਸਟਕ ਬਣਿਆ। ਕਾਕਾ ਗੰਗਾ ਸਿੰਘ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰ ਖੁਸ਼ੀਆਂ ਪ੍ਰਾਪਤ ਕੀਤੀਆਂ।

**ਸਵਿੰਦਰ ਸਿੰਘ ਨਾਮਧਾਰੀ**

................................................

## ਸ. ਸਵਰਨ ਸਿੰਘ ਨੂੰ ਸਨਮਾਨ

ਸ੍ਰੀ ਗੁਰੂ ਨਾਨਕ ਦੇਵ ਸੇਵਾ ਸਮੀਤੀ ਟਿੱਬੀ ਦੇ ਸੰਸਥਾਪਕ ਸ. ਸਵਰਨ ਸਿੰਘ ਨਾਮਧਾਰੀ ਨੂੰ ਰਾਜਸਥਾਨ ਸਰਕਾਰ ਨੇ ਕਾਰੋਨਾ ਦੌਰਾਨ ਨਿਸ਼ਕਾਮ ਸੇਵਾ ਕਰਨ 'ਤੇ ਪ੍ਰਸ਼ਸ਼ਿਤ ਪੱਤਰ ਦਿੱਤਾ। ਸ. ਸਵਰਨ ਸਿੰਘ ਨੇ ਉਹ ਪੱਤਰ ਸ੍ਰੀ ਸਤਿਗੁਰੂ ਜੀ ਕੋਲੋਂ ਅਸ਼ੀਰਵਾਦ ਦੇ ਰੂਪ ਵਿੱਚ ਪ੍ਰਾਪਤ ਕੀਤਾ। ਸ. ਸਵਰਨ ਸਿੰਘ ਨਾਮਧਾਰੀ ਇਸ ਸੇਵਾ ਵਿੱਚ ਕਾਫ਼ੀ ਸਾਲਾਂ ਤੋਂ ਤੱਤਪਰ ਹਨ। ਕਾਰੋਨਾ ਕਾਲ ਦੇ ਸਮੇਂ ਹਜ਼ਾਰਾਂ ਹੀ ਲੋਕਾਂ ਨੂੰ ਰਹਿਣ ਬਸੇਰਿਆਂ ਵਿੱਚ ਭੋਜਨ ਅਤੇ



ਮੁੱਢਲੀਆਂ ਲੋੜਾਂ ਮੁਹੱਈਆ ਕਰਵਾਈਆਂ। ਸਤਿਗੁਰੂ ਜੀ ਕਿਰਪਾ ਕਰਨ ਆਪਣੇ ਸਿੱਖ ਨੂੰ ਤੰਦਰੁਸਤੀਆਂ ਬਖ਼ਸ਼ਣ।

**ਗੁਰਦੇਵ ਸਿੰਘ ਚੀਮਾ**

................................................

## ਮੇਲਾ ਜੱਪ ਪ੍ਰਯੋਗ

ਜਮਨਾ ਨਗਰ- **9 ਅਕਤੂਬਰ 2022** ਦਿਨ ਐਤਵਾਰ ਨਾਮਧਾਰੀ ਧਰਮਸ਼ਾਲਾ ਪੁਰਾਨਾ ਹਮੀਦਾ ਵਿਖੇ ਸਲਾਨਾ ਜੱਪ ਪ੍ਰਯੋਗ ਜੋ ਕਿ ਕਰੀਬ ਸਵਾ ਮਹੀਨਾ ਚਲਿਆ ਉਸ ਮੇਲੇ ਦਾ ਸਮਾਪਨ ਬੜੀ ਸ਼ਰਧਾ ਤੇ ਸਤਕਾਰ ਨਾਲ ਨਾਮਧਾਰੀ ਸਾਧ ਸੰਗਤ ਵਲੋਂ ਮਨਾਇਆ ਗਿਆ। ਅੰਮ੍ਰਿਤ ਵੇਲੇ 4 ਵਜੇ ਮੇਲੇ ਦੀ ਆਰੰਭਤਾ ਦੀ ਅਰਦਾਸ ਸੂਬਾ ਬਲਦੇਵ ਸਿੰਘ ਜੀ ਨੇ ਕੀਤੀ ਨਾਮ ਸਿਮਰਨ ਹੋਇਆ। ਫਿਰ 4:15



ਵਜੇ ਆਸਾ ਦੀ ਵਾਰ ਦੀ ਕੀਰਤਨ ਸਥਾਨਕ ਜਥੇ ਨੇ ਮਿਲ ਕੀਤਾ। 5:15 ਵਜੇ ਕੀਰਤਨ ਦੀ ਸਮਾਪਤੀ ਤੋਂ ਬਾਅਦ ਦੀਵਾਨ ਦਾ ਆਰੰਭ ਹੋਇਆ। ਦੀਵਾਨ ਲਗਾਉਣ ਵਾਸਤੇ ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਤੌਰ ਤੇ ਪੁੱਜੇ ਸਨ। ਉਨ੍ਹਾਂ ਨੇ ਬਹੁਤ ਹੀ ਰਸ ਭਿੰਨਾ ਦੀਵਾਨ

ਲਗਾਇਆ ਜੋ ਸਾਧ ਸੰਗਤ ਨੇ ਬੜੇ ਅਨੰਦ ਨਾਲ ਸੁਣਿਆ।

ਉਪਰੰਤ ਬੀਬੀ ਗਿਆਨ ਕੌਰ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦੀ ਕਵਿਤਾ ਪੜ੍ਹੀ। ਉਸ ਤੋਂ ਬਾਅਦ ਗੁਰਚਰਨ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਬਾਰੇ ਇਕ ਕਵਿਤਾ ਪੜ੍ਹੀ। ਉਪਰੰਤ ਮੇਲੇ ਦੀ ਸਮਾਪਤੀ ਦੀ ਅਰਦਾਸ ਸੂਬਾ ਜੀ ਕੀਤੀ। ਆਈ ਹੋਈ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ। ਸੇਵਾਦਾਰਾਂ ਦਾ ਉਚੇਚੇ ਤੌਰ ਤੇ ਧੰਨਵਾਦ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਗੁਰਚਰਨ ਸਿੰਘ ਕਿਆਂਮਪੁਰੀਆ**

..............................................

# *Matrimonial*

**Name - Nihal Singh**
Caste - Sikh Khatri
Dob - XX/08/85
Height - 5'8"
Qualification - Graduation in Arts from KUK
Job. MNC Co. ( Health Insurance Sector as a Business Manager)
Salary 5.50Lakh Yearly
Siblings - 1 Younger Sister (Happily Married )
2 Younger Twins Brothers,
Both are Single
Father - Jasbir Singh
Mother - Manjeet Kaur (Housewife)
Marital status - Unmarried
Residence - Sirsa Haryana
Preferred - Simple marriage.
Mob .9896667459

..............................................

**ਨਾਮਧਾਰੀ ਗੁਰਸਿੱਖ ਅਰੋੜਾ ਲੜਕਾ**

ਡਾਕਟਰ - M.D. Medicine
ਕੱਦ- 5'9''
ਉਮਰ- 29 ਸਾਲ
ਸ੍ਰੀ ਗੰਗਾਨਗਰ ਵਾਸਤੇ ਗੁਰਸਿੱਖ ਡਾਕਟਰ ਲੜਕੀ ਦੀ ਲੋੜ ਹੈ।
ਨੰਬਰ - 94136-15795

..............................................

**Name - Jassa Singh**
Caste - Sikh Khatri
Dob - 27/09/1992
Height - 5'8"
Qualification - Diploma : Mechanical Engg.
Job. Pvt. Co. ( Just Organik, Gurugram as a Sr. Graphics Designer)
Salary: 4.2 L CTC per year
Siblings - 1 Elder Brother (Unmarried)
1 Elder Sister (Married )
1 Younger Brother (Unmarried)
Father - Jasbir Singh
Mother - Manjeet Kaur (Housewife)
Marital status - Unmarried
Residence - Sirsa Haryana
Job - Gurugram, HR
Self Mob . 9315697975
Pita ji. 9466743888

..............................................

ਨਾਮਧਾਰੀ ਲੜਕਾ ਜੱਟ ਸਿੱਖ ਪਰਿਵਾਰ
ਉਮਰ - 28 ਸਾਲ
ਕੱਦ - 6 ਫ਼ੁੱਟ
ਪੜਾਈ - ਬੀ.ਟੇਕ. (M.E)
ਕੈਨੇਡਾ - ਪੀ.ਆਰ.
ਸੰਪਰਕ- 99143-00426, 94172-00426

..............................................

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਸ਼੍ਰੋਮਣੀ ਗੁਰਬਾਣੀ ਵਿਆਖਿਆਕਾਰ ਪੁਰਸਕਾਰ ਪ੍ਰਾਪਤ ਕਰਤਾ ਡਾ. ਰਤਨ ਸਿੰਘ ਜੱਗੀ

## ਸਨਮਾਨ ਪੱਤਰ

ਡਾ. ਰਤਨ ਸਿੰਘ ਜੱਗੀ ਸਾਹਿਤਕ ਜਗਤ ਵਿਚ ਉੱਚ ਦੁਮਾਲੜੇ ਪ੍ਰਤਿਸ਼ਠਤ ਵਿਦਵਾਨ ਹਨ। ਆਪ ਦਾ ਸਾਹਿਤਕ ਕਾਰਜ ਖੇਤਰ ਬਹੁਤ ਮੋਕਲਾ ਹੈ ਕਿ ਜਿਸ ਵਿਚ ਪੰਜਾਬੀ ਅਤੇ ਹਿੰਦੀ ਸਾਹਿਤ ਦੀਆਂ ਅਨੇਕਾਂ ਵਿਧਾਵਾਂ ਸ਼ਾਮਲ ਹਨ। ਸੁਪ੍ਰਸਿੱਧ ਸਾਹਿਤਕਾਰ ਡਾ. ਜੱਗੀ ਦਾ ਜਨਮ 27 ਜੁਲਾਈ 1927 ਨੂੰ ਪੱਛਮੀ ਪੰਜਾਬ (ਹੁਣ ਪਾਕਿਸਤਾਨ) ਦੇ ਪਿੰਡ ਪਿੰਡੀਘੇਬ ਵਿੱਚ ਹੋਇਆ। ਦੇਸ਼ ਵੰਡ ਤੋਂ ਬਾਅਦ ਦਿੱਲੀ ਆ ਕੇ ਆਪਣੀ ਪੜ੍ਹਾਈ ਜਾਰੀ ਰੱਖਦਿਆਂ ਆਪ ਨੇ ਬੀ.ਏ. ਕਰਦਿਆਂ ਵਾਧੂ ਵਿਸ਼ੇ ਵਜੋਂ ਸੰਸਕ੍ਰਿਤ ਅਤੇ ਫ਼ਾਰਸੀ ਦਾ ਡੂੰਘਾ ਅਧਿਐਨ ਕੀਤਾ। ਐੱਮ.ਏ. ਪੰਜਾਬੀ ਅਤੇ ਹਿੰਦੀ ਦੇ ਇਮਤਿਹਾਨ ਅੱਵਲ ਦਰਜੇ ਵਿੱਚ ਪਾਸ ਕੀਤੇ। 'ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ' ਵਿਸ਼ੇ ਉੱਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੀ.ਐੱਚ.ਡੀ. (1962 ਈ.) ਦੀ ਡਿਗਰੀ ਹਾਸਲ ਕੀਤੀ ਅਤੇ ਮਗਧ ਯੂਨੀਵਰਸਿਟੀ ਬੋਧ ਗਯਾ ਤੋਂ ਡੀ, ਲਿਟ (1973 ਈ.) ਦੀ ਡਿਗਰੀ ਸ੍ਰੀ ਗੁਰੂ ਨਾਨਕ: ਵਿਅਕਤਿਤਵ ਕ੍ਰਿਤਿਤਵ ਔਰ ਚਿੰਤਨ ਦੇ ਵਿਸ਼ੇ 'ਤੇ ਖੋਜ ਕਰ ਹਾਸਲ ਕੀਤੀ।

ਡਾ. ਜੱਗੀ ਨੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ 140 ਤੋਂ ਵੱਧ ਕਿਤਾਬਾਂ ਲਿਖ ਸਾਹਿਤਕ ਖੇਤਰ ਅਤੇ ਪਾਠਕਾਂ ਦੇ ਗਿਆਨ ਵਿੱਚ ਅਸੀਮ ਵਾਧਾ ਕੀਤਾ ਹੈ। ਡਾ. ਰਤਨ ਸਿੰਘ ਜੱਗੀ ਗੁਰਬਾਣੀ, ਗੁਰਮਤਿ ਸਾਹਿਤ ਅਤੇ ਸਿੱਖ ਸੱਭਿਆਚਾਰ ਦੇ ਪ੍ਰਮੁੱਖ ਵਿਦਵਾਨ ਹਨ। ਪੰਜਾਬੀ ਕੋਸ਼ਕਾਰੀ ਅਤੇ ਟੀਕਾਕਾਰੀ ਦੇ ਖੇਤਰ ਵਿੱਚ ਆਪ ਨੇ ਨਵੀਂ ਦ੍ਰਿਸ਼ਟੀ ਅਤੇ ਉੱਚ ਮਿਆਰੀ ਪਹੁੰਚ ਦਿੱਤੀ। ਇਸ ਅਧਿਐਨ ਦੇ ਵਿਸ਼ਾਲ ਕਾਰਜ ਨੂੰ ਪਾਠਕਾਂ ਤੱਕ ਪਹੁੰਚਾਉਣ ਲਈ ਆਪ ਦੀ ਸੁਪਤਨੀ ਡਾ. ਗੁਰਸ਼ਰਨ ਕੌਰ ਦਾ ਯੋਗਦਾਨ ਵੀ ਅਹਿਮ ਹੈ।

ਵੱਖ-ਵੱਖ ਯੂਨੀਵਰਸਿਟੀਆਂ, ਅਦਾਰਿਆਂ ਅਤੇ ਧਾਰਮਿਕ ਸੰਸਥਾਵਾਂ ਨੇ ਅਨੇਕਾਂ ਹੀ ਮਾਨ-ਸਨਮਾਨ ਆਪ ਨੂੰ ਪ੍ਰਦਾਨ ਕੀਤੇ ਹਨ। ਨਾਮਧਾਰੀ ਦਰਬਾਰ ਵੱਲੋਂ ਵੀ 2000 ਈ. ਅਤੇ 2004 ਈ. ਵਿੱਚ 2 ਅਸ਼ੀਰਵਾਦ ਪੁਰਸਕਾਰ ਆਪ ਜੀ ਨੂੰ ਦਿੱਤੇ ਗਏ ਹਨ। ਗੁਰਬਾਣੀ ਦੇ ਪ੍ਰਚਾਰ ਪ੍ਰਸਾਰ ਲਈ ਕੀਤੇ ਆਪ ਦੇ ਟੀਕਿਆਂ ਦੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਕਸਰ ਹੀ ਸ਼ਲਾਘਾ ਕਰਦੇ ਸਨ।

ਡਾ. ਰਤਨ ਸਿੰਘ ਜੱਗੀ ਦੀਆਂ ਸਰਵਸ੍ਰੇਸ਼ਠ ਅਤੇ ਵੱਡਮੁੱਲੀਆਂ ਸਾਹਿਤਕ ਸੇਵਾਵਾਂ ਲਈ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ-ਕਮਲਾਂ ਦੁਆਰਾ 'ਸ਼੍ਰੋਮਣੀ ਗੁਰਬਾਣੀ ਵਿਆਖਿਆਕਾਰ' ਪੁਰਸਕਾਰ ਭੇਟ ਕੀਤਾ ਜਾਂਦਾ ਹੈ। ਇਸ ਸ਼ੁਭ ਅਵਸਰ ਤੇ ਨਾਮਧਾਰੀ ਸੰਗਤ ਬੇਅੰਤ ਖੁਸ਼ੀ ਅਨੁਭਵ ਕਰ ਰਹੀ ਹੈ।

੨੬ ਅੱਸੂ ੨੦੭੯
12 ਅਕਤੂਬਰ 2022

ਅੱਸੂ ਦਾ ਮੇਲਾ
ਸ੍ਰੀ ਭੈਣੀ ਸਾਹਿਬ, ਲੁਧਿਆਣਾ



ਗੁਰਭਜਨ ਗਿੱਲ ਦੀ ਚੋਣਵੀਂ ਕਵਿਤਾ ਦਾ ਹਿੰਦੀ ਅਨੁਵਾਦ ਸੰਗ੍ਰਹਿ 'ਆਧਾਰ ਭੂਮੀ' ਸ੍ਰੀ ਸਤਿਗੁਰੂ ਜੀ ਨੂੰ ਭੇਂਟ ਕਰਦੇ ਹੋਏ। ਇਸ ਮੌਕੇ M.L.A. ਹਰਦੀਪ ਸਿੰਘ ਮੁੰਡੀਆਂ, ਗੁਰਭੇਜ ਗੁਰਾਇਆ, ਗੁਰਲਾਲ ਸਿੰਘ ਅਤੇ ਹੋਰ ਪਤਵੰਤੇ ਸੱਜਣ



ਸ੍ਰੀ ਸਤਿਗੁਰੂ ਜੀ ਪਟਿਆਲਾ ਯੂਨੀਵਰਸਿਟੀ ਤੋਂ ਡਾ. ਮੁਹੰਮਦ ਇਦਰਿਸ਼, ਡਾ. ਮੋਹਨ ਤਿਆਗੀ, ਡਾ. ਸ਼ੇਰ ਸਿੰਘ, ਅਸ਼ਵਨੀ ਕੁਮਾਰ ਅਤੇ ਉਨ੍ਹਾਂ ਨਾਲ ਖੋਜ਼ਾਰਥੀਆ ਨਾਲ ਯਾਦਗਾਰੀ ਤਸਵੀਰ ਕਰਵਾਉਂਦੇ ਹੋਏ।



ਸ੍ਰੀ ਸਤਿਗੁਰੂ ਜੀ ਡਾ. ਰਤਨ ਸਿੰਘ ਜੱਗੀ ਨੂੰ ਸਨਮਾਨ ਦਿੰਦੇ ਹੋਏ



ਸ੍ਰੀ ਭੈਣੀ ਸਾਹਿਬ ਪਹੁੰਚੇ ਅਮਰੀਕ ਗਿੱਲ, ਦਲਜੀਤ ਸ਼ਾਹੀ, ਇੰਦਰਜੀਤ ਦੇਵਗੰਨ ਦੇ ਨਾਲ ਸੂਬਾ ਬਲਵਿੰਦਰ ਸਿੰਘ, ਗੁਰਭੇਜ ਗੁਰਾਇਆ ਤੇ ਜਗਦੀਪ ਸਿੰਘ ਜੱਗੀ ਫੋਟੋ ਕਰਵਾਉਂਦੇ ਹੋਏ

Date of Publication: 21 October 2022
Date of Posting: 23 October 2022

RNI NO.55658/93
LDM/008/2021-2023




Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.